ੴ ਵਾਹਿਗੁਰੂ ਜੀ ਕੀ ਫਤਿਹ

ਮਾਸਿਕ ਪੱਤਰ

# ਸੂਰਾ

Sura Monthly

October 2001 Amritsar



## ਰਾਮਦਾਸ ਸਰੋਵਰਿ ਨਾਤੇ ॥
## ਸਭਿ ਉਤਰੇ ਪਾਪ ਕਮਾਤੇ ॥

www.AKJ.Org



ਗੁਰਪੁਰਵਾਸੀ ਮਾਨਯਵਰ ਸ੍ਰੀਮਾਨ ਬਾਊ ਮੱਲ ਸਿੰਘ ਜੀ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

## ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

Read SURA at internet : www.surainternational.com

ਜਿਲਦ 35 ਅਕਤੂਬਰ, 2001 ਅੰਕ 9

### ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

| | |
|---|---|
| ਮੇਲਾ ਬੀੜ ਸਾਹਿਬ ਬਾਬਾ ਬੁੱਢਾ ਜੀ | 6 ਅਕਤੂਬਰ |
| ਪਾਤ: ਚੌਥੀ ਅਵਤਾਰ ਧਾਰਿਆ | 3 ਨਵੰਬਰ |
| ਪਾਤ: 7 ਜੋਤੀ ਜੋਤ ਸਮਾਏ | 9 ਨਵੰਬਰ |

### ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ (ਸਾਲਾਨਾ) | | 50 ਰੁਪਏ |
| ਅਮਾਨਤੀ ਲਾਈਫ਼ ਮੈਂਬਰ | | 500 ਰੁਪਏ |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 150 ਰੁ: | 500 ਰੁ: |
| ਅਮਾਨਤੀ ਲਾਈਫ਼ ਮੈਂਬਰ | 1500 ਰੁ: | 5000 ਰੁ: |

### ਚੰਦਾ ਭੇਜਣ ਦਾ ਪਤਾ

**ਸੂਰਾ ਮਾਸਿਕ ਪੱਤਰ**

ਹੈੱਡ ਕੁਆਰਟਰ :

**ਅਖੰਡ ਕੀਰਤਨੀ ਜੱਥਾ**

ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਬੀ-ਬਲਾਕ,
ਅੰਮ੍ਰਿਤਸਰ - 143001 ਫੋਨ : 546320

### ਤਤਕਰਾ

| ਮਹੀਨਾ ਕੱਤਕ | ਪੰਨਾ |
|---|---|
| ਨੇੜਿਓਂ ਡਿੱਠੇ ਬਾਊ ਮੱਲ ਸਿੰਘ ਜੀ | 3 |
| ਰੰਗ-ਰੱਤੜੇ ਬਾਊ ਮੱਲ ਸਿੰਘ ਜੀ | 4 |
| ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ | 8 |
| ਕੋ ਵਿਰਲਾ ਗੁਰਮੁਖਿ ਵੀਚਾਰਸੀ | 11 |
| ਡਾ: ਸੁਰਿੰਦਰ ਸਿੰਘ ਜੀ | 15 |
| ਘਰੇਲੂ ਇਸਤਰੀ ਦਾ ਸਿੱਖੀ ਪ੍ਰਚਾਰ ਵੱਲ ਯੋਗਦਾਨ | 18 |
| ਨੌਜਵਾਨਾਂ ਵਿੱਚ ਨਸ਼ਿਆਂ ਦਾ ਰੁਝਾਨ | 21 |
| ਮਾਦਾ ਭਰੂਣ ਹੱਤਿਆ ਘੋਰ ਪਾਪ | 23 |
| ਖ਼ਬਰਨਾਮਾ | 25 |
| ਸੁਖਮਨੀ ਦਾ ਨੂਰ | 26 |
| ਐ ਦਿਮਾਗੀ ਰੌਸ਼ਨੀ....... | 28 |
| "Beware of False Guru.... | 30 |
| "ਸਾਬਤ ਸੂਰਤਿ ਦਸਤਾਰ ਸਿਰਾ"... | 34 |
| ਕੌੜੇ-ਮਿੱਠੇ ਬੋਲ (ਕਵਿਤਾ) | 36 |
| ਗੁਰੂ ਰਾਮਦਾਸ ਜੀ ਤੇ ਸ੍ਰੀ ਅੰਮ੍ਰਿਤਸਰ | 37 |

'ਸੂਰਾ' ਮਾਸਿਕ ਪੱਤਰ ਪੰਜਾਬ ਸਰਕਾਰ ਦੇ ਪੱਤਰ ਨੰਬਰ 3/70-68-4 / ਅ.ਪ. ਮਿਤੀ 17-10-68 ਨਾਲ ਸਕੂਲ ਲਾਇਬ੍ਰੇਰੀਆਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਪ੍ਰਵਾਨ ਕੀਤਾ ਗਿਆ ।

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

12-I, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ, ਤੋਂ ਪ੍ਰਕਾਸ਼ਿਤ ਕਰਵਾ ਕੇ, ਬਲਦੇਵ ਸਿੰਘ ਸੰਪਾਦਕ, ਪ੍ਰਿੰਟਰ, ਪਬਲਿਸ਼ਰ ਨੇ ਅਖੰਡ ਕੀਰਤਨੀ ਜੱਥਾ ਦੇ ਹੈੱਡਕੁਆਰਟਰ, ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਕਲੋਨੀ ਬੀ-ਬਲਾਕ, ਅੰਮ੍ਰਿਤਸਰ ਤੋਂ ਜਾਰੀ ਕੀਤਾ ।

www.AKJ.Org

# ਕੱਤਕ

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕਿ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ ॥੯॥

**ਪਦ-ਅਰਥ :** ਕਤਿਕਿ-ਕੱਤਕ (ਦੀ ਠੰਢੀ ਬਹਾਰ) ਵਿੱਚ । ਕਾਹੂ ਜੋਗੁ-ਕਿਸੇ ਦੇ ਜ਼ਿੰਮੇ, ਕਿਸੇ ਦੇ ਮੱਥੇ । ਵਿਆਪਨਿ-ਜ਼ੋਰ ਪਾ ਲੈਂਦੇ ਹਨ । ਰਾਮ ਤੇ-ਰੱਬ ਤੋਂ । ਲਗਨਿ-ਲੱਗ ਜਾਂਦੇ ਹਨ । ਜਨਮ ਵਿਜੋਗ-ਜਨਮਾਂ ਦੇ ਵਿਛੋੜੇ, ਲੰਮੇ ਵਿਛੋੜੇ । ਮਾਇਆ ਭੋਗ-ਮਾਇਆ ਦੀਆਂ ਮੌਜਾਂ, ਦੁਨੀਆਂ ਦੇ ਐਸ਼ । ਵਿਚੁ-ਵਿਚੋਲਾ-ਪਨ । ਕਿਸ ਥੈ-(ਹੋਰ) ਕਿਸ ਕੋਲ ? ਰੋਜ-ਨਿਤ, ਹਰ ਰੋਜ਼ । ਕੀਤਾ-ਆਪਣਾ ਕੀਤਾ । ਧੁਰਿ-ਧੁਰ ਤੋਂ, ਪ੍ਰਭੂ ਦੀ ਹਜ਼ੂਰੀ ਤੋਂ । ਸਭਿ-ਸਾਰੇ। ਬਿਓਗ-ਵਿਛੋੜੇ ਦੇ ਦੁੱਖ । ਕਉ-ਨੂੰ । ਪ੍ਰਭੂ-ਹੇ ਪ੍ਰਭੂ ! ਬੰਦੀ ਮੋਚ-ਹੇ ਕੈਦ ਤੋਂ ਛੁਡਾਣ ਵਾਲੇ । ਬਿਨਸਹਿ-ਨਾਸ ਹੋ ਜਾਂਦੇ ਹਨ । ਸੋਚ-ਫਿਕਰ ।

**ਅਰਥ :** ਕੱਤਕ (ਦੀ ਸੁਹਾਵਣੀ ਰੁੱਤ) ਵਿਚ (ਭੀ ਜੇ ਪ੍ਰਭੂ-ਪਤੀ ਨਾਲੋਂ ਵਿਛੋੜਾ ਰਿਹਾ ਤਾ ਇਹ ਆਪਣੇ) ਕੀਤੇ ਕਰਮਾਂ ਦਾ ਸਿੱਟਾ ਹੈ, ਕਿਸੇ ਹੋਰ ਦੇ ਮੱਥੇ ਕੋਈ ਦੋਸ਼ ਨਹੀਂ ਲਾਇਆ ਜਾ ਸਕਦਾ । ਪਰਮੇਸ਼ਰ (ਦੀ ਯਾਦ) ਤੋਂ ਖੁੰਝਿਆਂ (ਦੁਨੀਆਂ ਦੇ) ਸਾਰੇ ਦੁੱਖ-ਕਲੇਸ਼ ਜ਼ੋਰ ਪਾ ਲੈਂਦੇ ਹਨ । ਜਿੰਨ੍ਹਾਂ ਨੇ (ਇਸੇ ਜਨਮ) ਵਿੱਚ ਪ੍ਰਮਾਤਮਾ (ਦੀ ਯਾਦ) ਵਲੋਂ ਮੂੰਹ ਮੋੜੀ ਰੱਖਿਆ, ਉਹਨਾਂ ਨੂੰ(ਫਿਰ) ਲੰਮੇ ਵਿਛੋੜੇ ਪੈ ਜਾਂਦੇ ਹਨ, ਜਿਹੜੀਆਂ ਮਾਇਆ ਦੀਆਂ ਮੌਜਾਂ (ਦੀ ਖਾਤਰ ਪ੍ਰਭੂ ਨੂੰ ਭੁਲਾ ਦਿੱਤਾ ਸੀ, ਉਹ ਭੀ) ਇਕ ਪਲ ਵਿੱਚ ਦੁਖਦਾਈ ਹੋ ਜਾਂਦੀਆਂ ਹਨ, (ਉਸ ਦੁਖੀ ਹਾਲਤ ਵਿੱਚ) ਕਿਸੇ ਪਾਸ ਭੀ ਨਿੱਤ ਰੋਣ ਦਾ ਕੋਈ ਲਾਭ ਨਹੀਂ ਹੁੰਦਾ, (ਕਿਉਂਕਿ ਦੁੱਖ ਤਾਂ ਹੈ ਵਿਛੋੜੇ ਦੇ ਕਾਰਨ, ਤੇ ਵਿਛੋੜੇ ਨੂੰ ਦੂਰ ਕਰਨ ਲਈ) ਕੋਈ ਵਿਚੋਲਾ-ਪਨ ਨਹੀਂ ਕਰ ਸਕਦਾ । (ਦੁਖੀ ਜੀਵ ਦੀ ਆਪਣੀ) ਕੋਈ ਪੇਸ਼ ਨਹੀਂ ਜਾਂਦੀ, (ਪਿਛਲੇ ਕੀਤੇ ਕਰਮਾਂ ਅਨੁਸਾਰ) ਧੁਰੋਂ ਹੀ ਲਿਖੇ ਲੇਖਾਂ ਦੀ ਬਿਧ ਆ ਬਣਦੀ ਹੈ । (ਹਾਂ !) ਜੇ ਚੰਗੇ ਭਾਗਾਂ ਨੂੰ ਪ੍ਰਭੂ (ਆਪ) ਆ ਮਿਲੇ, ਤਾਂ ਵਿਛੋੜੇ ਤੋਂ ਪੈਦਾ ਸਾਰੇ ਦੁੱਖ ਮਿਟ ਜਾਂਦੇ ਹਨ ।

(ਨਾਨਕ ਦੀ ਤਾਂ ਇਹੀ ਬੇਨਤੀ ਹੈ ਕਿ) ਹੇ ਮਾਇਆ ਦੇ ਬੰਧਨਾਂ ਤੋਂ ਛੁਡਾਉਣ ਵਾਲੇ ਮੇਰੇ ਮਾਲਕ ! ਨਾਨਕ ਨੂੰ (ਮਾਇਆ ਦੇ ਮੋਹ ਤੋਂ) ਬਚਾ ਲੈ ।

ਕੱਤਕ (ਦੀ ਸੁਆਦਲੀ ਰੁੱਤ) ਵਿੱਚ ਜਿੰਨ੍ਹਾਂ ਨੂੰ ਸਾਧ ਸੰਗਤਿ ਮਿਲ ਜਾਏ, ਉਹਨਾਂ ਦੇ (ਵਿਛੋੜੇ ਵਾਲੇ) ਸਾਰੇ ਚਿੰਤਾ-ਝੋਰੇ ਮੁੱਕ ਜਾਂਦੇ ਹਨ ।੯।

(ਵਿਆਖਿਆ - ਪ੍ਰੋ: ਸਾਹਿਬ ਸਿੰਘ ਜੀ)

www.AKJ.Org

# ਨੇੜਿਓਂ ਡਿਠੇ ਬਾਊ ਮੱਲ ਸਿੰਘ ਜੀ

ਸੰਨ ੧੯੭੪ ਨੂੰ ਹੁਸ਼ਿਆਰਪੁਰ ਵਿਖੇ ਗੁਰੂ ਅਰਜਨ ਦੇਵ ਪਾਤਸ਼ਾਹ ਦਾ ਸ਼ਹੀਦੀ ਪੁਰਬ ਮਨਾਇਆ ਜਾ ਰਿਹਾ ਸੀ। ਗੁਰਦੁਆਰਾ ਸਾਹਿਬ ਦੀ ਚਾਰ ਦਿਵਾਰੀ ਅੰਦਰ ਪੰਡਾਲ 'ਚ ਸੰਗਤਾਂ ਦੀ ਭੀੜ ਇਤਨੀ ਕਿ ਪੰਡਾਲ ਤੋਂ ਬਾਹਰ ਖੜੀਆਂ ਸੰਗਤਾਂ ਪੱਬਾਂ ਭਾਰ ਹੋ ਹੋ ਕੇ ਭਾਈ ਮੋਹਿੰਦਰ ਸਿੰਘ ਐਸ.ਡੀ.ਓ. ਦੇ ਕੀਰਤਨ ਦਾ ਅਨੰਦ ਮਾਣ ਰਹੀਆਂ ਸਨ। ਅੱਧੀ ਕੁ ਰਾਤ ਦਾ ਸਮਾਂ ਹੋਵੇਗਾ, ਪੰਜ ਪਿਆਰੇ ਅੰਮ੍ਰਿਤ ਸੰਚਾਰ ਤੋਂ ਉਪਰੰਤ ਪੰਡਾਲ ਵੱਲ ਨੂੰ ਸ਼ਬਦ ਦਾ ਉਚਾਰਨ ਕਰਦੇ ਵੱਧ ਰਹੇ ਸਨ, ਦਾਸ ਵੀ ਉਦੋਂ ਇਕ ਨੁਕਰੇ ਲੱਗਾ ਬੜੀ ਹੀ ਨੀਝ ਨਾਲ ਬਜ਼ੁਰਗ ਪੰਜਾਂ ਦੇ ਜਥੇਦਾਰ ਵੱਲ ਟਿਕਟਿਕੀ ਲਾ ਦੇਖ ਰਿਹਾ ਸੀ। ਇਨ੍ਹਾਂ ਦੇ ਚਿਹਰੇ ਦਾ ਜਾਹੋ ਜਲਾਲ ਇਤਨਾ ਕਿ ਅੱਖ ਨਾ ਟਿਕੇ, ਲਾਲ ਰੰਗ, ਅੱਖਾਂ ਦੀ ਚਮਕ ਦਮਕ ਬਿਆਨਾਂ ਤੋਂ ਬਾਹਰ, ਦਾਸ ਨੇ ਨਾਲ ਦੇ ਇਕ ਪੁਰਾਤਨ ਸਿੰਘ ਨੂੰ ਝਕਦਿਆਂ ਝਕਦਿਆਂ ਪੁਛਿਆ ਕਿ ਉਹ ਬਜ਼ੁਰਗ ਕੌਣ ਹਨ ? ਪਤਾ ਲੱਗਾ ਕਿ ਇਹ ਜਥੇ ਦੇ ਪ੍ਰਮ ਸਤਿਕਾਰਯੋਗ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਤਿ ਨਿਕਟਵਰਤੀ ਬਾਊ ਮੱਲ ਸਿੰਘ ਜੀ ਹਨ। ਜਥੇ 'ਚ ਸ਼ਾਮਲ ਹੋਇਆਂ ਨੂੰ ਕੋਈ ਸਾਲ ਕੁ ਹੀ ਹੋਇਆ ਹੋਵੇਗਾ ਜਦੋਂ ਦਾਸ ਨੇ ਬਾਊ ਜੀ ਦੇ ਦਰਸ਼ਨ ਬੜੇ ਨੇੜਿਓਂ ਕੀਤੇ। ਪੰਜ ਪਿਆਰੇ ਸਟੇਜ ਤੇ ਸ਼ੁਸ਼ੋਭਿਤ ਇਸ ਸਮਾਗਮ 'ਚ ਬੜੀ ਦੇਰ ਬੈਠੇ ਅਤੇ ਐਸ.ਡੀ.ਓ. ਮੋਹਿੰਦਰ ਸਿੰਘ ਜੀ ਦਾ ਕੀਰਤਨ ਸਰਵਣ ਕਰਦੇ ਰਹੇ। ਸ਼ਾਂਤਮਈ ਇਸ ਅਲੌਕਿਕ ਨਜ਼ਾਰੇ ਨੇ ਦਾਸ ਨੂੰ ਕੀਲ ਹੀ ਲਿਆ। ਬੱਸ ਫਿਰ ਕੀ ਸੀ, ਜਿਥੇ ਪਤਾ ਲੱਗਣਾ ਬਾਊ ਮੱਲ ਸਿੰਘ ਜੀ ਪੁਜ ਰਹੇ ਹਨ, ਦਾਸ ਨੇ ਧਾਅ ਕੇ ਉਨ੍ਹਾਂ ਦੇ ਦਰਸ਼ਨ ਦਿਦਾਰੇ ਕਰਨ ਲਈ ਪੁਜਣਾ।

ਭਾਈ ਈਸ਼ਰ ਸਿੰਘ ਖ਼ਾਲਸਾ ਬ੍ਰਦਰਜ਼ ਅੰਮ੍ਰਿਤਸਰ ਦੇ ਗ੍ਰਹਿ ਕੀਰਤਨ ਸਮਾਗਮ ਜੁੜੇ ਸਨ। ਭਾਈ ਬਾਵਾ ਸਿੰਘ ਜੀ ਕੁਮਾਰ ਹੱਟੀ ਵਾਲੇ ਉਨ੍ਹਾਂ ਦਿਨਾਂ 'ਚ ਹੀ ਚੜ੍ਹਾਈ ਕੀਤੇ ਸਨ। ਉਨ੍ਹਾਂ ਦੀ ਅੰਤਿਮ ਅਰਦਾਸ ਬਾਊ ਮੱਲ ਸਿੰਘ ਜੀ ਨੇ ਕੀਤੀ। ਐਸੀ 'ਅਰਦਾਸ' ਦਾਸ ਨੇ ਪਹਿਲਾਂ ਕਦੀ ਨਹੀਂ ਸੀ ਸੁਣੀ। ਅਕਾਲ ਪੁਰਖ ਨਾਲ ਇਕ ਮਿਕ ਹੋ ਕੇ, ਜਿਸ ਵਜਦ ਨਾਲ ਬਾਊ ਜੀ ਨੇ ਅਰਦਾਸ ਕੀਤੀ ਉਹ ਅੱਜ ਵੀ ਦਾਸ ਦੀ ਯਾਦਾਸ਼ਤ ਵਿੱਚ ਝਰਨਾਹਟ ਛੇੜ ਜਾਂਦੀ ਹੈ। "ਹੇ ਅਕਾਲ ਪੁਰਖ ! ਭਾਈ ਬਾਵਾ ਸਿੰਘ ਸਾਡੇ ਅਤਿ ਪਿਆਰੇ, ਆਪ ਜੀ ਦੇ ਚਰਨਾਂ ਵਿੱਚ ਪੁਜ ਗਏ ਹਨ, ਉਨ੍ਹਾਂ ਨੂੰ ਭੇਜੋ ਉਹ ਆਪਣੀ ਅਰਦਾਸ ਸੁਣ ਸਕਣ" ਥੋੜ੍ਹਾ ਕੁ ਰੁਕ ਕੇ – "ਆਹ ਤਾਂ ਪਾਤਸ਼ਾਹ ਬਖਸ਼ਿਸ਼ ਕੀਤੀ ਉਹ ਪੁਜ ਗਏ ਹਨ" – ਫਿਰ ਅਰਦਾਸ ਵਜਦ ਭਰੀ ਆਵਾਜ਼ ਵਿੱਚ ਆਰੰਭ ਹੋਈ। ਦਾਸ ਭਾਵੇਂ ਦੁਨਿਆਵੀ ਪੜ੍ਹਾਈ ਵਿੱਚ ਵਕਾਲਤ ਪਾਸ ਸੀ, ਪਰ ਪੜ੍ਹੀਆਂ ਪੜ੍ਹਾਈਆਂ ਧਰੀਆਂ ਧਰਾਈਆਂ ਹੀ ਰਹਿ ਗਈਆਂ, ਕੋਸ਼ਿਸ਼ ਕਰਨੀ ਹਰ ਹਫ਼ਤੇ ਗਲੀ ਬਾਊ ਮੱਲ ਸਿੰਘ, ਤਰਨ ਤਾਰਨ ਬਾਊ ਜੀ ਦੇ ਦਰਸ਼ਨ ਕਰਨ ਲਈ ਜਾਇਆ ਜਾਵੇ। ਬਾਊ ਮੱਲ ਸਿੰਘ ਜੀ ਨੂੰ ਮਿਲਣਾ ਤਾਂ ਆਸਾਨ ਸੀ ਪਰ ਵਿਛੜਨਾ ਬੜਾ ਹੀ ਔਖਾ। ਮਿਲ ਕੇ ਠੰਢ ਇੰਨੀ ਪੈਣੀ ਕਿ ਚਿਤ ਕਰਨਾ ਕਿ ਉਨ੍ਹਾਂ ਨੂੰ ਤੱਕੀ ਜਾਵਾਂ ਅਤੇ ਲਾਗੋਂ ਉਠਾਂ ਹੀ ਨਾ। ਜਦੋਂ ਵਿਛੜਨਾ ਤਾ ਬਾਊ ਜੀ ਨੇ ਗਲੀ ਬਾਊ ਮੱਲ ਸਿੰਘ ਦੇ ਬਾਹਰਵਾਰ ਤੱਕ ਆਉਣਾ, ਸਿੰਘਾਂ ਨੂੰ ਤੋਰ ਕੇ ਫਿਰ ਮੁੜਨਾ। ਇਹੋ ਜਿਹੀਆਂ ਕਈ ਅਭੁੱਲ ਯਾਦਾਂ ਬਾਊ ਜੀ ਦੇ ਨਾਲ ਜੁੜੀਆਂ ਹਨ, ਜਿਹੜੀਆਂ 'ਸੂਰ ਪ੍ਰੀਵਾਰ' ਹਰ ਮਹੀਨੇ 'ਸੂਰਾ ਮਾਸਿਕ ਪੱਤਰ ਪਾਠਕਾਂ ਲਈ ਪੇਸ਼ ਕਰਨ ਦੀ ਕੋਸ਼ਿਸ਼ ਕਰੇਗਾ।

ਗੁਰੂ ਪੰਥ ਦਾ ਸੇਵਾਦਾਰ,

ਬਲਦੇਵ ਸਿੰਘ ਅਤੇ 'ਸੂਰਾ ਪ੍ਰੀਵਾਰ' ਅੰਮ੍ਰਿਤਸਰ



www.AKJ.Org

# ਰੰਗ-ਰਤੜੇ ਬਾਊ ਮੱਲ ਸਿੰਘ ਜੀ

(ਲੜੀ ਜੋੜਨ ਲਈ 'ਸੂਰਾ' ਮਾਸਿਕ ਪੱਤਰ ਦਾ ਸਤੰਬਰ ਮਹੀਨੇ ਦਾ ਅੰਕ ਦੇਖੋ)

(ਵਲੋਂ : ਪ੍ਰੋਫੈਸਰ ਠਾਕੁਰ ਸਿੰਘ ਜੀ)

## ਅੰਮ੍ਰਿਤ ਛਕਣ ਦੇ ਸੰਜੋਗ ਬਝਣੇ :

ਅੰਬਾਲੇ ਛਾਉਣੀ ਆਪ ਦੇ ਅਧਿਆਤਮੀ ਸੰਸਕਾਰ ਤੇ ਪੂਰਬਲੇ ਅੰਕੁਰ ਪਰਗਟ ਹੋਏ । ਇਹ ਇਕ ਵਚਿੱਤਰ ਵਾਰਤਾ ਹੈ। ਸ੍ਰੀਮਾਨ ਬਾਊ ਜੀ ਬਚਪਨ ਤੋਂ ਹੀ ਤਿੱਖੀ ਬੁੱਧੀ ਵਾਲੇ ਸਨ । ਇਥੇ ਆਪ ਜੀ ਦੀ ਬਾਲ-ਵਰੇਸ ਦੀ ਸਿੱਖੀ ਲਗਨ ਦੀ ਇਕ ਘਟਨਾ ਦਿੱਤੀ ਜਾਂਦੀ ਹੈ । ਇਕ ਦਿਨ ਇਨ੍ਹਾਂ ਦੀ ਮਾਤਾ ਬੇਬੇ ਗੁਲਾਬ ਕੌਰ ਜੀ ਨੇ ਆਟੇ ਦਾ ਦੀਵਾ ਬਣਾ ਕੇ ਵਿੱਚ ਘਿਓ ਪਾਇਆ ਤੇ ਦੇਵੀ ਦੀ ਜੋਤ ਜਗਾਈ । ਬਾਲੜੇ ਬਾਊ ਜੀ ਨੂੰ ਕਹਿਣ ਲੱਗੇ, "ਆਉ ਬੇਟਾ ! ਦੇਵੀ ਨੂੰ ਮੱਥਾ ਟੇਕੋ" । ਆਪ ਨੇ ਲਾਗੇ ਪੁਜਦੇ ਹੀ ਜਗਦੀ ਜੋਤ ਨੂੰ ਫੂਕ ਮਾਰ ਕੇ ਬੁਝਾ ਦਿੱਤਾ ਅਤੇ ਆਟੇ ਦਾ ਦੀਵਾ ਵੇਹੜੇ ਬੱਧੀ ਗਊ ਦੇ ਮੂੰਹ ਵਿੱਚ ਦੇ ਦਿੱਤਾ। ਮਾਂ ਗੁੱਸੇ ਹੋਈ ਕਿ ਇਹ ਤੂੰ ਕੀ ਕੀਤਾ ? ਆਪ ਨੇ ਕਿਹਾ, "ਇਹ ਦੇਵੀਆਂ ਸਾਡੀਆਂ ਕੁਝ ਨਹੀਂ ਲੱਗਦੀਆਂ । ਸਿੱਖ ਗੁਰਬਾਣੀ ਤੋਂ ਬਿਨਾਂ ਕਿਸੇ ਨੂੰ ਨਹੀਂ ਮੰਨਦੇ । ਇਸ ਕਰਕੇ ਮੈਂ ਆਪ ਜੀ ਨੂੰ ਰੋਜ਼ ਜਪੁਜੀ ਸਾਹਿਬ ਦਾ ਪਾਠ ਸੁਣਾਉਂਦਾ ਹਾਂ" । ਮਾਂ ਨੇ ਫਿਰ ਕੀ ਕਹਿਣਾ ਸੀ, ਦੇਵੀ ਦੀ ਜੋਤ ਤਾਂ ਗਊ ਦੇ ਢਿਡ ਵਿੱਚ ਪਹੁੰਚ ਚੁਕੀ ਸੀ । ਇਹ ਕਹਾਣੀ ਬਾਊ ਮੱਲ ਸਿੰਘ ਜੀ ਹਾਸੇ ਵਿੱਚ ਆਪ ਸੁਣਾਇਆ ਕਰਦੇ ਸਨ ।

ਸ੍ਰੀ ਜਪੁ ਜੀ ਸਾਹਿਬ ਦੇ ਪਾਠ-ਨਿਤਨੇਮ ਨਾਲ ਗੁਰਸਿੱਖੀ ਦਾ ਅੰਕੁਰ ਤਾਂ ਹਿਰਦੇ ਅੰਦਰ ਫੁਟ ਚੁੱਕਾ ਸੀ । ਬਟਾਲੇ ਗੁਰੂ ਕੀਆਂ ਦੀ ਸੰਗਤ ਨਾਲ ਗੁਰਮਤਿ ਦੇ ਹੋਰ ਵਿਚਾਰ ਵੀ ਅੰਦਰ ਸਿੰਚਰਦੇ ਗਏ । ਪਰ ਜਦੋਂ ਇਨ੍ਹਾਂ ਦਾ ਰਸਾਲਾ ਅੰਬਾਲੇ ਛਾਉਣੀ ਪੁਜਾ ਤਾਂ ਦਾਤਾ ਜੀ ਨੇ ਇਨ੍ਹਾਂ ਦਾ ਇਕ ਐਸੇ ਗੁਰਮੁਖ ਪਿਆਰੇ ਨਾਲ ਸੰਬੰਧ ਜੋੜ ਦਿੱਤਾ ਜਿਸ ਨੇ ਪ੍ਰਮਾਰਥਕ ਜ਼ਿੰਦਗੀ ਵਿੱਚ ਇਕ ਨਵਾਂ ਮੋੜ ਲੈ ਆਂਦਾ । ਇਹ ਸਨ ਗੁਰੂ ਪਿਆਰੇ ਜਮਾਂਦਾਰ ਸ੍ਰੀਮਾਨ ਪਿਆਰਾ ਸਿੰਘ ਜੀ ਪਿੰਡ ਮਹਿਲੋਵਾਲ (ਸਿਆਲਕੋਟ), ਜੋ ਰਸਾਲਾ ਨੰਬਰ ੮ ਅੰਬਾਲਾ ਛਾਉਣੀ ਵਿਚ ਹੀ ਐਜੂਕੇਸ਼ਨ ਅਫ਼ਸਰ ਲਗੇ ਹੋਏ ਸਨ (ਪਿਛੋਂ ਕਰਨਲ ਪਿਆਰਾ ਸਿੰਘ ਜੀ ਜੈਪੁਰ ਕਰਕੇ ਪ੍ਰਸਿੱਧ ਹੋਏ) ।

ਸ: ਮਾਨ ਸਿੰਘ ਜੀ ਹੈਡ ਕਲਰਕ, ਜੋ ਸ: ਪਿਆਰਾ ਸਿੰਘ ਦੇ ਪਹਿਲਾਂ ਤੋਂ ਹੀ ਮੇਲੀ ਗੇਲੀ ਸਨ, ਉਨ੍ਹਾਂ ਨੂੰ ਮਿਲਣ ਗਏ। ਉਹ ਸੁਭਾਵਕ ਹੀ ਸ੍ਰੀਮਾਨ ਬਾਊ ਜੀ ਨੂੰ ਆਪਣੇ ਨਾਲ ਲੈ ਗਏ । ਉਥੇ ਬਚਨ-ਬਿਲਾਸ ਕਰਦਿਆਂ ਗੁਰਮਤਿ ਤੇ ਵੀ ਵਿਚਾਰ - ਵਟਾਂਦਰਾ ਸ਼ੁਰੂ ਹੋ ਗਿਆ । ਬੱਸ ਫੇਰ ਕੀ ਸੀ, 'ਹਮ ਜਿਨਸ ਹਮ ਪਰਵਾਜ਼' ਵਾਲੀ ਗੱਲ ਹੋਈ । ਪਹਿਲੀ ਮੁਲਾਕਾਤ ਵਿੱਚ ਹੀ ਇਕ ਦੂਜੇ ਦੀ ਪਛਾਣ ਹੋ ਗਈ ਅਤੇ ਪੀਡੀਆਂ ਗੰਢਾਂ ਪੈ ਗਈਆਂ । ਕਰਨਲ ਪਿਆਰਾ ਸਿੰਘ ਜੀ ਮੁੱਢ ਤੋਂ ਹੀ ਗੁਰਮਤਿ ਦੇ ਖੋਜੀ ਅਤੇ ਆਤਮਕ ਜੀਵਨ ਦੇ ਮੁਤਲਾਸ਼ੀ ਸਨ । ਤੇ ਗੁਰਸਿੱਖਾਂ ਦੀ ਸੰਗਤ ਲੋਚਦੇ ਰਹਿੰਦੇ ਸਨ ।

ਕਰਨਲ ਸਾਹਿਬ ਤੇ ਬਾਊ ਜੀ ਦਾ ਇਕ ਦੂਜੇ ਪਾਸ ਆਉਣ ਜਾਣ ਸ਼ੁਰੂ ਹੋ ਗਿਆ । ਦੋਹਾਂ ਰਸਾਲਿਆਂ ਦਾ ਆਪਸ ਵਿੱਚ ਥੋੜ੍ਹਾ ਹੀ ਫਾਸਲਾ ਸੀ । ਸ: ਪਿਆਰਾ ਸਿੰਘ ਜੀ ਨੇ ਦਫ਼ਤਰ ਦੇ ਕੰਮ ਤੋਂ ਵਿਹਲੇ ਹੋ ਕੇ ਸ਼ਾਮ ਨੂੰ ਸ੍ਰੀਮਾਨ ਬਾਊ ਜੀ ਨੂੰ ਆ ਮਿਲਣਾ । ਉਹ ਇਸ ਗੱਲ ਦੇ ਪੱਕੇ ਵਿਸ਼ਵਾਸੀ ਸਨ ਕਿ ਗੁਰਸਿੱਖ ਵਾਸਤੇ ਬਹੁਤੇ ਬਚਨ-ਬਿਲਾਸ ਕਰਨ ਨਾਲੋਂ ਪਾਠ-ਸਿਮਰਨ ਕਰਨਾ ਵਧੇਰੇ ਜ਼ਰੂਰੀ ਹੈ । ਸੋ ਛੇਤੀ ਹੀ ਦੋਹਾਂ ਨੇ ਫ਼ੈਸਲਾ ਕੀਤਾ ਕਿ ਬਾਹਰ ਇਕਾਂਤ ਵਿੱਚ ਬੈਠ ਕੇ ਪਾਠ ਤੇ ਸਿਮਰਨ ਵਿੱਚ ਜੁੜਿਆ ਜਾਇਆ ਕਰੇ । ਉਨ੍ਹਾਂ ਦਿਨਾਂ ਵਿੱਚ ਰਸਾਲਿਆਂ ਦੀਆਂ ਛਾਉਣੀਆਂ ਦੇ ਨਾਲ ਕਾਫ਼ੀ ਖੁਲ੍ਹੀ ਜ਼ਮੀਨ ਪਈ ਹੁੰਦੀ ਸੀ ।



www.AKJ.Org

ਪਹਿਲੇ ਦਿਨ ਇਨ੍ਹਾਂ ਨੇ ਇਕ ਇਕਾਂਤ ਜਗ੍ਹਾ ਤੇ ਦਰੀ ਵਿਛਾ ਲਈ । ਕਰਨਲ ਸਾਹਿਬ ਨੇ ਸੁਝਾ ਦਿੱਤਾ ਕਿ ਪਾਠ ਕਰਨ ਤੋਂ ਪਹਿਲਾਂ "ਵਾਹਿਗੁਰੂ" ਸ਼ਬਦ ਦਾ ਅਭਿਆਸ ਕਰਨਾ ਜ਼ਰੂਰੀ ਹੈ । ਸੋ ਉਹ ਨਾਮ ਜਪਣ ਵਿੱਚ ਜੁਟ ਪਏ । ਪਹਿਲਾਂ ਰਸਨਾ ਨਾਲ ਹੌਲੀ ਹੌਲੀ, ਫਿਰ ਉਚੀ ਉਚੀ । ਬਾਊ ਜੀ ਨਾਲੋ ਨਾਲ, ਜਿਵੇਂ ਉਹ ਕਰਦੇ ਸਨ, ਕਰੀ ਗਏ । ਪਹਿਲੇ ਰਸਨਾ ਨਾਲ ਹੌਲੀ ਹੌਲੀ ਫਿਰ ਉਚੀ ਉਚੀ ਤੇ ਜ਼ੋਰੋ ਜ਼ੋਰ । ਸਤਿਗੁਰੂ ਜੀ ਦੀ ਐਸੀ ਕਲਾ ਵਰਤੀ ਕਿ ਬਾਊ ਜੀ ਤੇ ਵਿਸਮਾਦੀ ਦਸ਼ਾ ਤਾਰੀ ਹੋ ਗਈ । ਬਾਊ ਜੀ ਦਸਿਆ ਕਰਦੇ ਸਨ ਕਿ ਜਿਵੇਂ ਨਹਿਰ ਦੇ ਮੋਘੇ ਵਿਚੋਂ ਪਾਣੀ ਚਲ ਪੈਂਦਾ ਹੈ, ਓਸੇ ਤਰ੍ਹਾਂ ਸਿਮਰਨ ਆਪਣੇ ਆਪ ਜ਼ੋਰੋ ਜ਼ੋਰ ਵਿਸਮਾਦੀ ਰੰਗਾਂ ਵਿਚ ਚਲਣ ਲੱਗ ਪਿਆ । ਦੋਵੇਂ ਅੱਧੀ ਰਾਤ ਤੋਂ ਪਿਛੋਂ ਤੱਕ ਸਿਮਰਨ ਵਿੱਚ ਜੁਟੇ ਰਹੇ । ਫਿਰ ਉਠ ਕੇ ਆਪੋ ਆਪਣੇ ਟਿਕਾਣਿਆਂ ਤੇ ਚਲੇ ਗਏ । ਪਰ ਪਹਿਲਾਂ ਫ਼ੈਸਲਾ ਕਰ ਲਿਆ ਸੀ ਕਿ ਅਗੇ ਨੂੰ ਰੋਜ਼ ਇਹੋ ਕੁਝ ਕਰਿਆ ਕਰਨਾ ਹੈ । ਦੋਹਾਂ ਨੇ ਪਹਿਲੇ ਦਿਨ ਹੀ ਇਤਨਾ ਆਨੰਦ ਮਾਣਿਆ ਕਿ ਉਨ੍ਹਾਂ ਦੀ ਸੁਰਤੀ ਬਿਰਤੀ ਵਿੱਚ ਪਲਟਾ ਆ ਗਿਆ ।

ਇਕ ਦਿਨ ਅੰਬਾਲੇ ਕਾਫ਼ੀ ਬਾਰਸ਼ ਹੋਈ । ਸ: ਪਿਆਰਾ ਸਿੰਘ ਜੀ ਬਾਊ ਜੀ ਦੇ ਰਸਾਲੇ ਦੇ ਗੁਰਦੁਆਰੇ ਆ ਕੇ ਬੈਠ ਗਏ ਤੇ ਬਾਊ ਜੀ ਨੂੰ ਕਵਾਟਰ ਤੋਂ ਸੱਦ ਭੇਜਿਆ । ਜਦੋਂ ਬਾਊ ਜੀ ਆ ਗਏ ਤਾਂ ਪਿਆਰਾ ਸਿੰਘ ਜੀ ਨੇ ਗੁਰਦੁਆਰੇ ਸਾਹਿਬ ਵਾਲਾ ਹਰਮੋਨੀਅਮ ਖੋਲ੍ਹ ਲਿਆ ਅਤੇ ਡਾਢੇ ਬੈਰਾਗ ਵਿੱਚ ਸ਼ਬਦ ਪੜ੍ਹਿਆ :

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥

ਜਦੋਂ ਇਸ ਸ਼ਬਦ ਦੀਆਂ ਆਖ਼ਰੀ ਤੁਕਾਂ ਬਾਰ ਬਾਰ ਪੜ੍ਹੀਆਂ :

ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
**ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥**

(ਬਾਣੀ ਸਧਨੇ ਕੀ ਬਿਲਾਵਲ, ਪੰਨਾ ੮੫੮)

ਤਾਂ ਸ੍ਰੀ ਬਾਊ ਜੀ ਦੀ ਆਤਮਾ ਤੇ ਐਸਾ ਡੂੰਘਾ ਅਸਰ ਹੋਇਆ ਕਿ ਆਪ ਬਿਹਬਲ ਹੋ ਗਏ । ਫਿਰ ਕੁਝ ਚਿਰ ਲਈ ਚੁਪ ਛਾਈ ਰਹੀ । ਅੰਤ ਕਰਨਲ ਸਾਹਿਬ ਬੋਲੇ, "ਭਾਈ ਸਾਹਿਬ ਜੀ, ਤੁਹਾਨੂੰ ਪਤਾ ਹੈ ਕਿ ਮੈਂ ਇਥੇ ਕਿਉਂ ਆਇਆ ਹਾਂ ਅਤੇ ਕਈ ਚਿਰ ਤੋਂ ਤੁਹਾਡੇ ਪਿਛੇ ਕਿਉਂ ਫਿਰ ਰਿਹਾ ਹਾਂ" ? ਬਾਊ ਜੀ ਨੇ ਉਤਰ ਦਿੱਤਾ, "ਮੈਂ ਕੀ ਜਾਣਾ ? ਪਰ ਮੇਰਾ ਮਨ ਇਸ ਵਕਤ ਇਤਨਾ ਦ੍ਰਵਿਆ ਹੈ ਕਿ ਜੋ ਹੁਕਮ ਕਰੋ, ਦਾਸ ਮੰਨਣ ਨੂੰ ਤਿਆਰ ਹਾਂ । ਜੇ ਕਦੀ ਖੂਹ ਵਿੱਚ ਛਾਲ ਮਾਰਨ ਨੂੰ ਕਹੋ ਤਾਂ ਵੀ ਉਜ਼ਰ ਨਹੀਂ ਕਰਾਂਗਾ" ।

ਕਰਨਲ ਸਾਹਿਬ ਨੇ ਕਿਹਾ ਕਿ ਮੈਨੂੰ ਸਤਿਗੁਰੂ ਜੀ ਵਲੋਂ ਹੁਕਮ ਹੋਇਆ ਹੈ ਕਿ ਆਪ ਨੂੰ ਗੁਰਸਿੱਖੀ ਮਾਰਗ ਤੇ ਲਿਆ ਕੇ ਸਿਮਰਨ ਵਿੱਚ ਜੋੜਾਂ । ਇਸ ਲਈ ਗੁਰਮੁਖ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰੋ । ਪੰਜਾਂ ਪਿਆਰਿਆਂ ਵਿੱਚ ਸਤਿਗੁਰੂ ਆਪ ਵੱਸਦੇ ਹਨ ਅਤੇ ਉਨ੍ਹਾਂ ਰਾਹੀਂ ਗੁਰਮੰਤ੍ਰ ਦ੍ਰਿੜਾਇਆ ਹੋਇਆ ਆਤਮਾ ਨੂੰ ਚਲੂਲੇ ਰੰਗਾਂ ਵਿੱਚ ਲਿਆਉਂਦਾ ਹੈ । ਗੁਰਸਿੱਖੀ ਦਾ ਇਹੋ ,ਗਾਡੀ ਰਾਹ ਹੈ ।

ਬੱਸ, ਉਥੇ ਹੀ ਅੰਮ੍ਰਿਤ ਛਕਣ ਦਾ ਫੈਸਲਾ ਹੋ ਗਿਆ । ਕੁਝ ਦਿਨਾਂ ਪਿਛੋਂ ਸ: ਪਿਆਰਾ ਸਿੰਘ ਜੀ ਬਾਊ ਜੀ ਨੂੰ ਆਪਣੇ ਪਿੰਡ ਮਹਿਲੋਵਾਲ (ਸਿਆਲਕੋਟ) ਲੈ ਗਏ । ਜੋ ਚੰਗੇ ਤੋਂ ਚੰਗੇ ਜੀਵਨ ਵਾਲੇ ਗੁਰਸਿੱਖ ਮਿਲ ਸਕਦੇ ਸਨ, ਇਕੱਠੇ ਕੀਤੇ । ਅੰਮ੍ਰਿਤ ਦਾ ਬਾਟਾ ਤਿਆਰ ਹੋਇਆ ਅਤੇ ਬਾਊ ਜੀ ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਜਹਾਜ਼ੇ ਚੜ੍ਹ ਗਏ ਤੇ ਨਾਮ-ਰੰਗਾਂ ਵਿੱਚ ਰੰਗੇ ਗਏ । ਵਾਪਸ ਅੰਬਾਲੇ ਆ ਕੇ ਦੋਹਾਂ ਵੇਲਿਆਂ ਦੀ ਕਿਰਤ ਜਾਰੀ ਹੋ ਗਈ--ਅੰਮ੍ਰਿਤ ਵੇਲੇ ਆਪੋ ਆਪਣੇ ਘਰ ਅਤੇ ਸ਼ਾਮ ਨੂੰ ਇਕੱਠੇ ਬਾਹਰ ਇਕਾਂਤ ਵਿੱਚ ਆਸਣ ਜਮਾ ਲੈਣੇ-


www.AKJ.Org

"ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ"

(ਮ: ੪, ਗਉੜੀ ਕੀ ਵਾਰ, ਪੰਨਾ ੩੦੫-੩੦੬)

ਵਾਲੀ ਅਵਸਥਾ ਬਣ ਗਈ ਅਤੇ ਥੋੜੇ ਸਮੇਂ ਵਿਚ ਹੀ ਨਾਮ-ਰੰਗ-ਰਤੜੀ ਦਸ਼ਾ ਵਿੱਚ ਵਿਚਰਨ ਲੱਗੇ । ਮਾਨਯੋਗ ਬਾਊ ਜੀ ਦਸਿਆ ਕਰਦੇ ਸਨ ਕਿ ਅਭਿਆਸ ਕਰਦਿਆਂ ਕਰਦਿਆਂ ਇਕੇਰਾਂ ਅਜਿਹੀ ਕਲਾ ਵਰਤੀ ਕਿ ਇਕ ਦਿਨ ਮੇਰੀ ਰੀੜ੍ਹ ਦੀ ਹੱਡੀ ਹਿੱਲਣ ਲਗ ਪਈ ਅਤੇ ਨਾਲ ਹੀ ਸਾਰੀਆਂ ਅੰਤੜੀਆਂ ਤੜਫਣ ਲੱਗ ਪਈਆਂ । ਜਦ ਮੈਂ ਇਹ ਅਸਚਰਜ ਖੇਡ ਭਾਈ ਪਿਆਰਾ ਸਿੰਘ ਜੀ ਨੂੰ ਦੱਸੀ ਤਾਂ ਉਹ ਹੈਰਾਨੀ ਵਿੱਚ ਕਹਿਣ ਲੱਗੇ, "ਹੈਂ ! ਹੱਛਾ !! ਬੱਸ ਹੁਣ ਤੂੰ ਅੱਜ ਤੋਂ ਮੇਰੇ ਕੋਲ ਨਾ ਆਇਆ ਕਰ, ਸਗੋਂ ਮੈਂ ਆਪ ਚੱਲ ਕੇ ਤੇਰੇ ਪਾਸ ਆਇਆ ਕਰਾਂਗਾ । ਤੂੰ ਮੈਥੋਂ ਕਿਤੇ ਅੱਗੇ ਲੰਘ ਗਿਆ ਹੈਂ ।"

## ਭਾ: ਸਾ: ਭਾਈ ਰਣਧੀਰ ਸਿੰਘ ਜੀ ਨਾਲ ਪਹਿਲੀ ਮਿਲਣੀ

ਨਾਲ ਲੱਗਦੇ ਹੀ ਬੀਬੀ ਨਿਹਾਲ ਕੌਰ ਜੀ ਅਤੇ ਬਾਕੀ ਬੱਚਿਆਂ ਨੂੰ ਅੰਮ੍ਰਿਤ ਛਕਾਉਣਾ ਜ਼ਰੂਰੀ ਸੀ । ਇਸ ਲਈ ਬਾਊ ਮੱਲ ਸਿੰਘ ਜੀ ਸ: ਪਿਆਰਾ ਸਿੰਘ ਜੀ ਦੀ ਸਲਾਹ ਨਾਲ, ਸਣੇ ਪਰਿਵਾਰ ਪੰਚ ਖ਼ਾਲਸਾ ਦੀਵਾਨ ਭਸੌੜ (ਸੰਗਰੂਰ) ਦੇ ਮੁਖ ਸੰਚਾਲਕ ਬਾਊ ਤੇਜਾ ਸਿੰਘ ਜੀ ਪਾਸ ਪਹੁੰਚੇ । ਓਦੋਂ ਇਹ ਅਸਥਾਨ ਤੱਤ ਖ਼ਾਲਸਈ ਪੁਨਰ-ਵਿਕਾਸ ਦਾ ਗੜ੍ਹ ਮੰਨਿਆ ਜਾਂਦਾ ਸੀ । ਇਥੇ ਪੰਥਕ ਦੀਵਾਨ ਸੱਜਦੇ ਰਹਿੰਦੇ ਸਨ । ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੀ ਬਾਊ ਤੇਜਾ ਸਿੰਘ ਜੀ ਦੇ ਨਾਲ ਹੀ ਮੋਢੀ ਸੰਚਾਲਕਾਂ ਵਿਚੋਂ ਸਨ । ਪਿਛੋਂ ਗੁਰਮਤਿ ਅਸੂਲੀ ਮਤ ਭੇਦ ਹੋ ਜਾਣ ਕਾਰਨ ਅੱਡ ਹੋ ਗਏ । ਪਰ ਤੱਤ ਗੁਰਮਤਿ ਦੀ ਅਲੋਪ ਹੁੰਦੀ ਜਾ ਰਹੀ ਕਰਾਂਤੀਕਾਰੀ ਖ਼ਾਲਸਈ ਰਹਿਤ-ਮਿਲਣੀ ਦਾ ਮੁੱਢ ਭਾਈ ਸਾਹਿਬ ਦੁਆਰਾ ਪੰਚ ਖ਼ਾਲਸਾ ਦੀਵਾਨ ਭਸੌੜ ਤੋਂ ਹੀ ਬੱਝਾ ਸੀ ।

ਜਿਸ ਦਿਨ ਸ੍ਰੀਮਾਨ ਬਾਊ ਜੀ ਭਸੌੜ ਪੁੱਜੇ, ਗੁਰੂ ਨੇਤ ਨਾਲ ਉਸੇ ਸ਼ਾਮ ਨੂੰ ਸ੍ਰੀਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੀ ਉਥੇ ਪੁਜੇ ਹੋਏ ਸਨ । ਰਾਤ ਨੂੰ ਇਕ ਵੱਡੇ ਕਮਰੇ ਵਿੱਚ ਆਰਾਮ ਕਰਨ ਲਈ ਇਕ ਨੁਕਰੇ ਬਾਊ ਜੀ ਪਰਿਵਾਰ ਸਣੇ ਟਿਕੇ ਹੋਏ ਸਨ ਤੇ ਦੂਜੀ ਨੁਕਰੇ ਭਾਈ ਸਾਹਿਬ ਦਾ ਆਸਣ ਸੀ । ਅੰਮ੍ਰਿਤ ਵੇਲੇ

"ਚਉਥੈ ਪਹਿਰ ਸਬਾਹ ਕੈ ਸੁਰਤਿਆ ਉਪਜੈ ਚਾਉ"

(ਵਾਰ ਮਾਝ, ਸਲੋਕ ਮ: ੨, ਪੰਨਾ ੧੪੬)

ਦੇ ਗੁਰਵਾਕ ਅਨੁਸਾਰ ਮਾਨਯੋਗ ਬਾਊ ਜੀ ਸੋਚ ਇਸ਼ਨਾਨ ਪਿਛੋਂ ਸਿਮਰਨ ਵਿਚ ਜੁਟ ਗਏ । ਸ੍ਰੀਮਾਨ ਭਾਈ ਸਾਹਿਬ ਨੇ ਭੀ ਇਸ਼ਨਾਨ ਸੋਧ ਲਿਆ ਸੀ । ਉਨ੍ਹਾਂ ਨੇ ਆਪਣੇ ਆਸਣ ਤੇ ਬੈਠਿਆਂ ਦੂਰ ਤੋਂ ਸੁਣਿਆ ਕਿ ਕੋਈ ਸਿੰਘ ਦੂਜੀ ਨੁੱਕਰੇ ਜ਼ੋਰੋ-ਜ਼ੋਰ ਨਾਮ-ਅਭਿਆਸ-ਖੰਡਾ ਖੜਕਾ ਰਹੇ ਹਨ । ਆਪ ਜੀ ਆਪਣੇ ਬਿਸਤਰੇ ਤੋਂ ਉਠੇ ਤੇ ਮਲਕੜੇ ਜਿਹੇ ਬਾਊ ਜੀ ਕੋਲ ਜਾ ਕੇ ਘੁਟ ਕੇ ਜੱਫੀ ਪਾ ਲਈ ਤੇ ਬੋਲੇ, "ਪੂਰਬ ਜਨਮ ਕੇ ਮਿਲੇ ਸੰਜੋਗੀ", ਮੇਰੇ ਪਿਛਲੇ ਜਨਮ ਦੇ ਵਿਛੜੇ ਗੁਰਮੁਖ ਪਿਆਰੇ ਅੱਜ ਮਿਲੇ ਹੋ । ਬਾਊ ਜੀ ਨੇ ਵੀ ਉਨ੍ਹਾਂ ਨੂੰ ਘੁਟ ਕੇ ਜੱਫੀ ਵਿੱਚ ਲੈ ਲਿਆ ਅਤੇ ਕਾਫ਼ੀ ਚਿਰ ਇਸੇ ਦਸ਼ਾ ਵਿੱਚ ਦੋਵੇਂ ਜੁਟੇ ਰਹੇ ਅਤੇ ਨਾਮ ਦਾ ਖੂਬ ਖੰਡਾ ਖੜਕਾਇਆ । ਫਿਰ ਉਸੇ ਆਸਣ ਤੇ ਬੈਠੇ ਦੋਵੇਂ ਸਿਮਰਨ ਕਰਦੇ ਰਹੇ । ਉਥੇ ਹੀ ਨਿਤਨੇਮ ਕੀਤਾ । ਫਿਰ ਭਾਈ ਸਾਹਿਬ ਬਾਊ ਜੀ ਨੂੰ ਕਹਿਣ ਲੱਗੇ, "ਤੂੰ ਹੁਣ ਤੱਕ ਕਿਥੇ ਲੁਕਿਆ ਰਿਹਾ ਹੈਂ? ਸਾਨੂੰ ਤੇਰਾ ਜਿਹਾ ਲੱਭਾ ਕੋਈ ਨਹੀਂ । ਤੂੰ ਸਾਡੇ ਨਾਲ ਚੱਲ" । ਭਾਈ ਸਾਹਿਬ ਨਾਲ ਇਹ ਪਹਿਲਾ ਮੇਲ ਸੀ, ਜੋ ਅੰਤਲੇ ਸੁਆਸਾਂ ਤੱਕ ਤੋੜ ਨਿਭਿਆ, ਅਤੇ ਅਗਲੀ ਦਰਗਾਹ ਵਿੱਚ ਵੀ ਇਹ ਮੇਲ ਅਵੱਸ਼ ਹੀ ਕਾਇਮ ਰਹੇਗਾ ।

ਸ੍ਰੀਮਾਨ ਬਾਊ ਜੀ ਆਪਣੇ ਪਰਿਵਾਰ ਨੂੰ ਅੰਮ੍ਰਿਤ ਛਕਾਉਣ ਲਈ ਕਕਾਰ ਸਜਾ ਕੇ ਪੂਰੀ ਤਰ੍ਹਾਂ ਤਿਆਰ ਕਰ ਕੇ ਸਵੇਰੇ ਹੀ



www.AKJ.Org

ਗੁਰਦੁਆਰੇ ਦੀਵਾਨ ਵਿੱਚ ਲੈ ਗਏ । ਬਾਊ ਤੇਜਾ ਸਿੰਘ ਜੀ ਅੰਮ੍ਰਿਤ-ਸੰਚਾਰ ਦਾ ਪ੍ਰਬੰਧ ਕਰ ਰਹੇ ਸਨ । ਦੇਗ ਆ ਗਈ । ਸ੍ਰੀਮਾਨ ਭਾਈ ਸਾਹਿਬ ਵੀ ਦੀਵਾਨ ਵਿੱਚ ਆ ਗਏ । ਬਾਊ ਤੇਜਾ ਸਿੰਘ ਜੀ ਨੇ ਸ੍ਰੀਮਾਨ ਭਾਈ ਸਾਹਿਬ ਨੂੰ ਬਿਨੈ ਕੀਤੀ ਕਿ ਪੰਜਾਂ ਪਿਆਰਿਆਂ ਦੀ ਸੇਵਾ ਵਿੱਚ ਸ਼ਾਮਲ ਹੋਣ । ਅਗੋਂ ਆਪ ਜੀ ਨੇ ਜੁਆਬ ਦਿੱਤਾ, "ਬਾਊ ਤੇਜਾ ਸਿੰਘ ! ਤੁਸੀਂ ਇਸ ਪਰਿਵਾਰ ਦੇ ਅੰਮ੍ਰਿਤ ਛਕਾਉਣ ਦਾ ਪਰਬੰਧ ਇਥੇ ਕਰਨਾ ਚਾਹੁੰਦੇ ਹੋ ? ਜ਼ਰਾ ਇਸ ਬੀਬੀ ਦੇ ਪਤੀ ਵੱਲ ਤਾਂ ਨਜ਼ਰ ਮਾਰ ਕੇ ਵੇਖ ਕਿ ਕਿਤਨੀ ਗੁਰੂ ਦੀ ਬਖਸ਼ਿਸ਼ ਹੈ ਅਤੇ ਕਿਹੜੇ ਆਤਮ-ਰੰਗਾਂ ਵਿੱਚ ਖੇਲ ਰਹੇ ਹਨ । ਇਹ ਸਾਡੇ ਪਿਆਰੇ ਮਿੱਤਰ, ਗੁਰੂ ਪਿਆਰੇ, ਸਾਨੂੰ ਮਿਲ ਗਏ ਹਨ । ਇੰਨ੍ਹਾਂ ਦੀ ਜ਼ਿੰਮੇਵਾਰੀ ਸਤਿਗੁਰੂ ਜੀ ਸਾਨੂੰ ਦੇ ਰਹੇ ਹਨ । ਇਹ ਸਮਾਗਮ ਇਥੇ ਨਹੀਂ ਹੋਵੇਗਾ। ਅਸੀਂ ਇੰਨ੍ਹਾਂ ਨੂੰ ਨਾਰੰਗਵਾਲ ਆਪਣੇ ਨਾਲ ਲਿਜਾ ਰਹੇ ਹਾਂ-ਅਤੇ ਉਚੀ ਨਾਮ-ਕਮਾਈ ਵਾਲੇ ਨਾਮ-ਰਸੀਏ ਪੰਜ ਪਿਆਰੇ ਇਕੱਤਰ ਕਰ ਕੇ ਇਸ ਪਰਿਵਾਰ ਨੂੰ ਜਹਾਜ਼ੇ ਚੜ੍ਹਾਵਾਂਗੇ ।" ਬੱਸ, ਦੇਗ ਦੀਵਾਨ ਦੀ ਸਮਾਪਤੀ ਤੇ ਵਰਤਾ ਦਿੱਤੀ ਗਈ।

(ਚਲਦਾ ਹੈ)

## ਪਾਠਕਾਂ ਪ੍ਰਤੀ ਬੇਨਤੀ

'ਸੂਰਾ' ਮਾਸਿਕ ਪੱਤਰ ਦੇ ਸਨੇਹੀ ਗੁਰਮੁਖਿ ਵੀਰਾਂ/ਭੈਣਾਂ ਨੂੰ ਨਿਮਰਤਾ ਸਹਿਤ ਬਿਨੈ ਹੈ ਕਿ ਆਪਣੇ ਤੋਂ ਇਲਾਵਾ ਘੱਟੋ ਘੱਟ ਦੋ-ਦੋ ਮੈਂਬਰ ਹੋਰ ਬਣਾ ਕੇ ਅਦਾਰਾ "ਸੂਰਾ" ਨੂੰ ਚੜ੍ਹਦੀ ਕਲਾ ਵਿੱਚ ਲਿਜਾਣ ਲਈ ਸਹਾਈ ਹੋਣ ।

ਸਮੁੱਚੇ ਪਾਠਕ ਜਨਾਂ ਦੀ ਚੜ੍ਹਦੀ ਕਲਾ ਲੋਚਦਾ

**'ਸੂਰਾ ਪ੍ਰੀਵਾਰ' ਸ੍ਰੀ ਅੰਮ੍ਰਿਤਸਰ**

## 'ਸੂਰਾ' ਮਾਸਿਕ ਪੱਤਰ ਲਈ ਪੁੱਜੀ ਸਹਾਇਤਾ

| | | |
|---|---|---|
| ੧. ਸੂਬੇਦਾਰ ਜਗਤਾਰ ਸਿੰਘ ਜੀ | ੧੦੦ | ਰੁਪਏ |
| ੨. ਗੁਪਤ | ੧੦੦ | ਰੁਪਏ |
| ੩. ਭਾਈ ਹਰਨੇਕ ਸਿੰਘ ਜੀ | ੧੦੦ | ਰੁਪਏ |
| ੪. ਭਾਈ ਕੁਲਵੰਤ ਸਿੰਘ ਢੇਸੀਆਂ (ਯੂ.ਕੇ.) | ੧੧੦੦ | ਰੁਪਏ |
| ੫. ਭਾਈ ਬਹਾਦਰ ਸਿੰਘ | ੨੦ | ਰੁਪਏ |
| ੬. ਭਾਈ ਜੋਗਿੰਦਰ ਸਿੰਘ | ੫੦੦ | ਰੁਪਏ |
| ੭. ਭਾਈ ਰਘਬੀਰ ਸਿੰਘ | ੧੦,੦੦੦ | ਰੁਪਏ |
| ੮. ਜਥੇਦਾਰ ਭਾਈ ਰਾਮ ਸਿੰਘ ਜੀ | ੫,੦੦੦ | ਰੁਪਏ |
| ੯. ਸੰਗਤ ਧਾਲੀਵਾਲ ਬੇਟ ਰਾਹੀਂ ਜਸਵਿੰਦਰ ਕੌਰ | ੫੦੦ | ਰੁਪਏ |
| ੧੦. ਭਾਈ ਹਰਬੰਸ ਸਿੰਘ ਜੀ ਲੁਧਿਆਣਾ | ੫੦੦ | ਰੁਪਏ |
| ੧੧. ਭਾਈ ਚਾਨਣ ਸਿੰਘ ਜੀ ਪਿਪਲੀ ਸਾਹਿਬ | ੧੦੦੦ | ਰੁਪਏ |
| ੧੨. ਭਾਈ ਅਵਤਾਰ ਸਿੰਘ ਜੀ ਪਿੰਡ ਬਾਲੋਕੇ ਦੇ ਗ੍ਰਹਿ ਵਿਖੇ ਕੀਰਤਨ ਸਮੇਂ ਸੰਗਤੀ ਚੜ੍ਹਾਵਾ ਜੋ 'ਸੂਰਾ' ਨੂੰ ਭੇਟਾ ਹੋਇਆ | ੫੦੦ | ਰੁਪਏ |



www.AKJ.Org

# ਗੁਰਮਤਿ ਅਧਿਆਤਮ ਕਰਮ ਫਿਲਾਸਫੀ

(ਲੜੀ ਜੋੜਨ ਲਈ 'ਸੂਰਾ' ਸਤੰਬਰ ੨੦੦੧ (ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਸਤਜੁਗਿ ਸਤੁ ਤੇਤ ਜਗੀ ਦੁਆਪਰਿ ਪੂਜਾ ਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥
ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥
ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥
ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥
ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥
ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥੮॥੧॥

{ਗਉੜੀ ਬੈਰਾਗਣਿ (ਰਵਿਦਾਸ ਜੀ), ਪੰਨਾ ੩੪੬}

ਵਿਆਖਿਆ --ਸਤਿਜੁਗ ਅੰਦਰਿ ਸਤੁ ਅਰਥਾਤ ਸਚੁ ਬੋਲਣ, ਸਤਿਵਾਦੀ ਕਰਮ ਕਰਨੇ ਹੀ ਪ੍ਰਧਾਨ ਸਨ । ਇਹ ਸਤਜੁਗ ਦੇ ਪਰਧਾਨ (ਮੰਨੇ ਪ੍ਰਮੰਨੇ) ਕਰਮ ਸਨ । ਤ੍ਰੇਤੇ ਜੁਗ ਅੰਦਰਿ ਯਗ ਕਰਨੇ ਅਤੇ ਦੁਆਪਰ ਜੁਗ ਵਿਖੇ ਪੂਜਾ ਆਚਾਰ ਆਦਿਕ ਕਰਨੇ ਹੀ ਪਰਧਾਨ ਗਿਣੇ ਗਏ ਸਨ । ਇਹ ਤਿੰਨੇ ਜੁਗ ਏਹਨਾਂ ਉਪਰ ਦੱਸੇ ਤਿਹਾਂ ਕਰਮਾ ਨੂੰ ਹੀ ਦ੍ਰਿੜਾਉਂਦੇ ਸਨ । ਪ੍ਰੰਤੂ ਕਲਜੁਗ ਵਿੱਚ ਤਾਂ ਕੇਵਲ ਨਾਮ ਹੀ ਆਧਾਰ ਹੈ ਭਾਵ ਨਾਮ ਅਭਿਆਸ ਰੂਪੀ ਕਰਮ ਹੀ ਪਰਧਾਨ ਹੈ । ਏਸ ਜੁਗ ਵਿਖੇ ਆਨਮਤਿ ਕਿਰਤ ਕਰਮ ਦੀ ਪੇਸ਼ ਨਹੀਂ ਜਾਂਦੀ । ਯਥਾ ਵਾਕ ਭਾਈ ਗੁਰਦਾਸ ਜੀ –

ਕਲਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ ॥
ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨੁ ਠਉੜ ਨ ਪਾਈ ॥



www.AKJ.Org

ਕਲਿਜੁਗ ਅੰਦਰਿ ਇਹਨਾਂ ਆਨਾ ਜੁਗੀ ਕਰਮਾ ਦੇ ਕੀਤਿਆਂ ਪਾਰ ਉਤਾਰਾ ਨਹੀਂ ਹੁੰਦਾ । ਕੋਈ ਆਨਮਤ ਕਰਮੀ ਪੁਰਸ਼ ਜ਼ਰਾ ਕਹਿ ਕੇ ਸਮਝਾਵੇ ਤਾਂ ਸਹੀ ਇਹ ਆਨਮਤ ਕਰਮਾਂ ਕਰਕੇ ਪਾਰ ਉਤਾਰਾ ਹੋਵੇਗਾ ਕੈਸੇ ? ਐਸੇ ਕਰਮ ਕਿਹੜੇ ਹਨ ਜਿਹਨਾਂ ਦੇ ਕੀਤਿਆਂ ਆਵਾਗਉਣ (ਲਖ ਚਉਰਾਸੀਹ ਜੂਨਾਂ) ਦੇ ਗੇੜ ਤੋਂ ਛੁਟਕਾਰਾ ਹੋਵੇ । ਏਹਨਾਂ ਆਨ ਜੁਗ ਆਨਮਤ ਕਰਮਾਂ ਦੇ ਕਰਨਿ ਕਰਿ ਤਾਂ ਓਹਨਾਂ ਤੇਹਾਂ ਆਨ ਜੁਗਾਂ (ਸਤਜੁਗ, ਤ੍ਰੇਤਾ, ਦੁਆਪਰ) ਅੰਦਰਿ ਭੀ ਕਿਸੇ ਦਾ ਨਿਸਤਾਰਾ ਨਹੀਂ ਹੋਇਆ, ਆਵਾਗਉਣ ਤੋਂ ਛੁਟਕਾਰਾ ਨਹੀਂ ਹੋਇਆ । ਇਸ ਜੁਗ (ਕਲਜੁਗ) ਅੰਦਰਿ ਤਾਂ ਉਕਾ ਹੀ ਨਹੀਂ ਹੋਣਾ । ਹੋਣਾ ਹੈ ਤਾਂ ਕੇਵਲ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਹੀ ਹੋਣਾ ਹੈ । ਆਨਮਤਿ ਅਨੇਕ ਧਰਮਾਂ ਦੇ ਅਸੂਲਾਂ ਅੰਦਰਿ ਬਹੁ ਬਹੁ ਪਰਕਾਰੀ ਕਰਮ ਕਰਨੇ ਨਿਰੂਪਨ ਕੀਤੇ ਜਾਂਦੇ ਹਨ । ਪਰ ਅਨਮਤ ਧਰਮਾਂ ਕਰਮਾਂ ਅੰਦਰਿ ਗੁਰਮਤਿ ਨਾਮ ਅਭਿਆਸ ਕਰਮ ਦਾ ਕਿਤੇ ਮੁਸ਼ਕ ਮਾਤਰ ਭੀ ਜਿਕਰ ਨਹੀਂ । ਸਾਰੀ ਲੁਕਾਈ ਉਦੋਂ ਭੀ, ਓਹਨਾਂ ਤੇਹਾਂ ਜੁਗਾਂ ਅੰਦਰਿ ਭੀ ਅਤੇ ਹੁਣ ਭੀ ਏਸ ਕਲਜੁਗ ਅੰਦਰਿ ਭੀ ਓਹੀ ਆਨਮਤਿ ਦ੍ਰਿੜਾਏ ਕਰਮ ਕਾਂਡ ਹੀ ਕਰਦੀ ਦਿਖਾਈ ਦਿੰਦੀ ਹੈ । ਸਾਰਾ ਜਗ ਹੀ ਤ੍ਰੈਜੁਗੀ ਕਰਮ ਕਰਦਾ ਨਜ਼ਰੀਂ ਆਉਂਦਾ ਹੈ । ਪਰ ਓਹਨਾਂ ਨੂੰ ਇਹ ਸੁਧ ਬੁਧ ਨਹੀਂ ਕਿ ਕਿਹੜੇ ਕਰਮ ਕੀਤੇ ਛੁਟਕਾਰਾ ਨਿਸਤਾਰਾ ਹੁੰਦਾ ਹੈ। ਓਹਨਾਂ ਨੂੰ ਇਹ ਪਤਾ ਹੀ ਨਹੀਂ ਕਿ ਕਿਹੜੇ ਕਰਮ ਦੇ ਸਾਧਿਆਂ ਕਲਿਆਣਮਈ ਸੱਚੀ ਸਿੱਧੀ ਪ੍ਰਾਪਤਿ ਹੁੰਦੀ ਹੈ । ਵਾਹੋਦਾਹੀ ਅੰਨ੍ਹੇਵਾਹ ਆਨਮੱਤ ਕਰਮੀ ਆਨਜੁਗ ਧਰਮੀਆਂ ਦੀ ਲਕੀਰ ਦੇ ਫਕੀਰ ਬਣੇ ਹੋਏ ਓਹੀ ਆਨਮੱਤ ਕਰਮ ਕਰਨ ਵਿੱਚ ਹੀ ਪਰਵਿਰਤ ਹੋਏ ਤੁਰੇ ਜਾਂਦੇ ਹਨ, ਕਿਉਂਕਿ ਓਹਨਾਂ ਨੂੰ ਸੱਚੇ ਨਿਸਤਾਰਕ ਛੁਟਕਾਰਕ ਕਰਮ ਦੀ ਸੂਝ ਬੂਝ ਹੀ ਨਹੀਂ ।

ਕਰਮ ਅਧਰਮ, ਕਰਨ ਯੋਗ ਕਰਮ ਅਤੇ ਨਾ ਕਰਨ ਯੋਗ ਕਰਮ ਦੀ ਵੀਚਾਰ ਵਿਚਿ ਬੇਦਾਂ ਪੁਰਾਣਾਂ ਨੂੰ ਵੀਚਾਰਿਆਂ ਸਦਾ ਸੰਦੇਹ ਸ਼ੰਕਾ ਹੀ ਰਹਿੰਦਾ ਹੈ । ਦਰਅਸਲ ਬੇਦਾਂ ਪੁਰਾਣਾਂ ਦੇ ਬਨਾਉਣਹਾਰਿਆਂ ਨੂੰ ਏਸ ਭੇਦ ਦਾ ਪਤਾ ਹੀ ਨਹੀਂ ਕਿਕਿਹੜੇ ਕਰਮ ਦੇ ਕੀਤਿਆਂ ਗਤਿ ਮੁਕਤਿ ਕਲਿਆਣ ਨਿਸਤਾਰਾ ਛੁਟਕਾਰਾ ਹੁੰਦਾ ਹੈ । ਉਹ ਓਹੀ ਤ੍ਰੈਗੁਣੀ ਕਰਮ ਕਰਨੇ ਹੀ ਦ੍ਰਿੜਾਉਂਦੇ ਹਨ ਜਿਨ੍ਹਾਂ ਦੇ ਕੀਤਿਆਂ ਅਹੰਕਾਰ ਅਭਿਮਾਨ ਵੱਧਦਾ ਹੈ । ਕਰਮ-ਕ੍ਰਾਂਡੀਆਂ ਦੇ ਕਰਮ-ਕਾਂਡ ਦੇ ਹਿਰਦੇ ਅੰਦਰਿ ਸਦਾ ਵੱਸਦਾ ਹੀ ਰਹਿੰਦਾ ਹੈ, ਕਿਉਂਕਿ ਕਰਮ ਕਾਂਡ੍ਰ ਦਾ ਉਤਪੰਨ ਕੀਤਾ ਹੋਇਆ ਸੰਸਾ ਕਰਮ-ਕਾਂਡੀਆਂ ਦੇ ਹਿਰਦੇ ਅੰਦਰਿ ਸਦਾ ਵੱਸਦਾ ਹੀ ਰਹਿੰਦਾ ਹੈ ਕਿਉਂਕਿ ਕਰਮ ਕਾਂਡਾਂ ਦੇ ਕਰਨ ਕਰਕੇ ਓਹਨਾਂ ਦੇ ਹਿਰਦੇ ਸਦਾ ਅਭਿਮਾਨ ਦੇ ਹੀ ਗ੍ਰਸੇ ਰਹਿੰਦੇ ਹਨ। ਏਸ ਅਭਿਮਾਨ ਨੂੰ ਕਉਣ ਹਿਰੇ ਤੇ ਕਿਵੇਂ ਇਹ ਅਭਿਮਾਨ ਹਿਰਿਆ ਜਾਵੇ ? ਅਭਿਮਾਨ ਹਿਰਨਹਾਰਾ ਅਤੇ ਸਾਰੇ ਸੰਸੇ ਦੂਰ ਕਰਨਹਾਰਾ ਕੇਵਲ ਗੁਰਮਤਿ ਕਰਮ ਗਿਆਨ ਹੀ ਹੈ । ਤਿਸ ਦੇ ਉਹ ਨੇੜੇ ਹੀ ਨਹੀਂ ਜਾਂਦੇ । ਹੋਰਨਾਂ ਅੰਧ ਕਰਮਾ ਦੇ ਧੰਧ ਬੰਧ ਵਿਚਿ ਹੀ ਬੰਧੇ ਹੋਏ ਹੀ ਰੁੜ੍ਹੇ ਜਾਂਦੇ ਹਨ । ਆਨਮਤ ਕਰਮਾਂ ਦਾ ਖਹਿੜਾ ਨਹੀਂ ਛੱਡਦੇ । ਉਦਾਹਰਨ ਵਜੋਂ ਆਨਮਤ ਇਸ਼ਨਾਨ ਕਰਮ ਨੂੰ ਹੀ ਲੈ ਲਵੋ । ਆਨਮਤ ਦੇ ਅਸੂਲਾ ਮੁਜਬ ਕੇਵਲ ਸਰੀਰਕ ਇੰਸ਼ਨਾਨ, ਨਾਮ-ਹੀਣ ਤੀਰਥ ਆਦਿ ਦਾ ਪੁਰਬ ਮਜਨੀ (ਮਜਨ ਪੁਰਬੀ) ਇਸ਼ਨਾਨ ਓਹਨਾਂ ਆਤਮਤਾਂ ਅੰਦਰਿ ਇਕ ਧਾਰਮਿਕ ਕਰਮ ਹੀ ਗਿਣਿਆ ਜਾਂਦਾ ਹੈ । ਸਰੀਰ ਦੇ ਬਾਹਰਲੇ ਪਾਸੇ ਨੂੰ ਪਾਣੀ ਨਾਲ ਧੋਣ ਪਖਾਲਣ ਕਰਕੇ ਅੰਦਰਲਾ ਸੁੱਧ ਨਹੀਂ ਹੁੰਦਾ, ਕਿਉਂਕਿ ਅੰਦਰਿ ਤਾਂ ਨਾਨਾ ਪਰਕਾਰ ਦੇ ਵਿਕਾਰਾਂ ਦੀ ਮੈਲ ਨਾਲਿ ਮਲੀਨ ਹੋਇਆ ਪਿਆ ਹੁੰਦਾ ਹੈ । ਬਾਹਰ ਦਾ ਉਦਕ ਇਸ਼ਨਾਨ ਕੀਤਿਆਂ ਭੀ ਮੈਲਾ ਹੀ ਰਹਿੰਦਾ ਹੈ ।

ਸੁੱਧ ਹੋਵੇ ਤਾਂ ਕਿਹੜੀ ਬਿਧੀ ਕਰਕੇ ਹੋਵੇ । ਇਕੋ ਬਿਧਿ ਹੈ ਗੁਰਮਤਿ ਨਾਮ ਅਭਿਆਸ ਕਰਮ ਦੀ, ਸੋ ਤਿਸ ਦਾ ਓਹਨਾਂ ਨੂੰ ਪਤਾ ਨਹੀਂ, ਮਹਿਜ਼ ਉਦਕ ਇਸ਼ਨਾਨੀ ਕਰਮਾ ਦੀ ਕੁਫੇਰ ਵਿਚਿ ਮਸਤਰੀ ਇਹੋ ਹੀ ਰਹਿੰਦੇ ਹਨ । ਇਹ ਓਹਨਾਂ ਦਾ ਸੋਚ ਇਸ਼ਨਾਨ ਤਾਂ ਹਾਥੀ ਦੇ ਇਸ਼ਨਾਨ ਵਾਂਗੂੰ ਹੈ ਜੋ ਨਹਾ ਕੇ ਪਿਛੋਂ ਫੇਰ ਖੇਹ ਆਪਣੇ ਤੇ ਪਾ ਲੈਂਦਾ ਹੈ । ਤਾਂਤੇ ਇਹ ਸੁਧਤਾਈ ਸੋਚਤਾਈ ਇਸ਼ਨਾਨਤਾਈ ਕਿਸੇ ਲੇਖੇ ਨਹੀਂ । ਏਸੇ ਤਰ੍ਹਾਂ ਹੋਰ ਆਨਮਤੀ ਕਰਮਾ ਦੀ ਗੱਲ ਹੈ, ਜੋ ਕਿਸੇ ਭੀ ਲੇਖੇ ਨਹੀਂ ਪੈਂਦੇ।



www.AKJ.Org

ਸ਼ੁੱਧ ਹੋਈਦਾ ਹੈ ਤਾਂ ਪਾਰਸ ਰੂਪੀ ਨਾਮ ਨੂੰ ਪਰਸੇ ਤੇ ਹੀ ਹੋਈਦਾ ਹੈ, ਜੋ ਪਾਰਸ ਨਾਮ ਕੇਵਲ ਸੱਚੇ ਸਤਿਗੁਰੂ ਦੇ ਦੁਆਰਿਓਂ ਹੀ ਮਿਲਦਾ ਹੈ । ਤਿਸ ਪਾਰਸੁ ਸੁਪਰਸੀਏ ਗੁਰਮਤਿ ਨਾਮ ਸਰਸੀਏ ਅਭਿਆਸੀ ਜਨ ਦੇ ਇਸ਼ਨਾਨ ਭੀ ਅੰਮ੍ਰਿਤ ਮਜਨੀਏ ਇਸ਼ਨਾਨ ਹੋ ਜਾਂਦੇ ਹਨ । ਸੋ ਤਿਸ ਦੇ ਇਸ਼ਨਾਨ ਕੀਤੇ ਭੀ ਲੇਖੇ ਪੈਂਦੇ ਹਨ । ਸੱਚੀ ਸੁੱਧ ਪਾਰਸ-ਗਤੀ ਕਲਾ ਅੰਮ੍ਰਿਤ ਨਾਮ ਦੀ ਕਮਾਈ ਵਿਚਿ ਹੀ ਹੈ । ਅਤੇ ਇਹ ਅੰਮ੍ਰਿਤ ਨਾਮ, ਅੰਮ੍ਰਿਤ ਨਾਮ ਦੇ ਸਾਗਰ ਪੂਰੇ ਸਤਿਗੁਰੂ, ਪਾਰਸ ਕਲਾ ਪੁੰਜ ਸਤਿਗੁਰੂ ਨੂੰ ਭੇਟਿਆਂ ਹੀ ਵਰਤਦੀ ਹੈ । ਯਥਾ (ਜਿਵੇਂ) ਸੂਰਜ ਦੇ ਉਦੇ ਪ੍ਰਕਾਸ਼ਤ ਹੁੰਦਿਆਂ, ਜਿਵੇਂ ਸੂਰਜ ਦੇ ਚੜ੍ਹਿਆਂ ਰਾਤ੍ਰੀ ਦੀ ਗਤਿ ਹੁੰਦੀ ਹੈ, ਅਰਥਾਤ ਜਿਵੇਂ ਸੂਰਜ ਚੜ੍ਹਨ ਨਾਲ ਰਾਤ ਬਿਲਾਇ ਜਾਂਦੀ ਹੈ (ਚਲੀ ਜਾਂਦੀ ਹੈ) ਅਤੇ ਇਹ ਰਾਤ ਵਾਲੀ ਗੱਲ ਸਾਰੇ ਸੰਸਾਰ ਅੰਦਰਿ ਪਰਸਿੱਧ ਹੈ ਅਤੇ ਜਿਵੇਂ ਤਾਂਬੇ ਦੇ ਨਾਲਿ ਪਾਰਸ ਛੋਹਣ ਨਾਲਿ ਤਾਂਬਾ ਤੁਰਤੋ ਫੁਰਤੋ ਹੀ ਸੋਨਾ ਬਣ ਜਾਂਦਾ ਹੈ , ਰੰਚਕ ਦੇਰੀ ਨਹੀਂ ਲਗਦੀ, ਤਿਵੇਂ ਹੀ ਪਰਮ ਪਾਰਸ ਸਤਿਗੁਰੂ ਨੂੰ ਭੇਟੇ ਤੇ ਕਲਜੁਗੀ ਜੀਵਾਂ ਦਾ ਅਗਿਆਨ ਰੂਪੀ ਅੰਧਾਰ ਮਿਟਦਾ ਹੈ ਅਤੇ ਓਹਨਾਂ ਸੰਸਾਰੀ ਜੀਵਾਂ ਦੇ ਜੀਵਨ ਕੰਚਨ ਹੋ ਜਾਂਦੇ ਹਨ । ਜਿਨ੍ਹਾਂ ਉਤੇ ਪੂਰਬਲੇ ਲਿਖਤ ਕਰਮਾਂ ਅਨੁਸਾਰ ਨਦਰ ਮੇਹਰ ਹੁੰਦੀ ਹੈ ਤਿਨ੍ਹਾਂ ਉਤੇ ਪਾਰਸ ਭੂਤੀ ਸਤਿਗੁਰੂ ਨੂੰ ਭੇਟਣ ਦਾ ਕਰਮ ਖੁਲ੍ਹਦਾ ਹੈ । ਪਾਰਸ ਸਰੂਪ (ਮੁਜੱਸਮ ਪਾਰਸ) ਸਤਿਗੁਰੂ ਦੇ ਭੇਟਿਆਂ ਪਾਰਸ ਰੂਪੀ ਅੰਮ੍ਰਿਤ ਨਾਮ ਦੀ ਦਾਤਿ ਮਿਲਦੀ ਹੈ । ਪਾਰਸ ਸਿਫਤੀ ਕਮਾਈ ਕਰਨ ਕਰਿ ਕਰੂਰ ਕਰਮਾਂ ਦੀ ਮੈਲ ਉਤਰ ਜਾਂਦੀ ਹੈ ਅਤੇ ਅੰਦਰਿ ਉਹ ਜੋਤਿ ਪ੍ਰਕਾਸ਼ੀ ਚਾਨਣਾ ਹੋਇ ਆਵੰਦਾ ਹੈ ਜਿਸ ਦੇ ਸਾਹਮਣੇ ਕ੍ਰੋੜਾਂ ਸੂਰਜਾਂ ਦੇ ਚਾਨਣੇ ਮਾਤ ਹਨ । ਇਸ ਬਿਧਿ ਜੋਤਿ ਪ੍ਰਕਾਸ਼ ਦੀ ਰਸ-ਝਲਕ ਨਾਲਿ ਉਪਰਿ (ਦਸਮ ਦੁਆਰ ਵਿਖੇ) ਚੜ੍ਹਿਆਂ ਮਨ ਉਨਮਨੀ ਅਵਸਥਾ ਤੁਰੀਆ ਪਦ ਨੂੰ ਮਿਲ ਕੇ ਅਭਾਵ ਹੋ ਜਾਂਦਾ ਹੈ । ਤਿਥੇ ਬਜਰ ਕਪਾਟ ਖੁਲ੍ਹ ਜਾਂਦਾ ਹਨ ।

ਗੁਰਮਤਿ ਨਾਮ ਅਭਿਆਸ ਕਰਮ ਦੁਆਰਾ ਮਲੀਨ ਮਨ ਨੂੰ ਸਾਫ ਸ਼ੁੱਧ ਕੀਤਿਆਂ ਅਸਤਿ ਮਨ ਨੂੰ ਸਤਿ ਕੀਤਿਆਂ ਸੱਚੀ ਗੁਰਮਤਿ ਭਗਤੀ ਦੀ ਜੁਗਤੀ ਪ੍ਰਗਟੀ ਆਈ । ਸਾਰੇ ਭ੍ਰਮ-ਬੰਧਨੀ ਬਿਕਾਰ ਕੱਟੇ ਗਏ ਅਤੇ ਆਨਮਤ ਕਰਮਾਂ ਦੀ ਮੈਲ ਭੀ ਝੜ ਗਈ । ਪਿਛਲੇ ਜਨਮਾਂ ਤੇ ਆਨ ਜੁਗਾਂ ਵਿਚਿ ਕਮਾਤੇ ਕਰਮਾਂ ਦੀ ਮੈਲ ਭੀ ਇਸ ਬਿਧਿ, ਕੇਵਲ ਇਸੇ ਗੁਰਮਤਿ ਭਗਤੀ ਦੀ ਜੁਗਤੀ ਨਾਲਿ ਹੀ ਕੱਟੀ ਜਾ ਸਕਦੀ ਹੈ । ਕੇਵਲ ਤਿਨ੍ਹਾਂ ਹੀ ਜੋਤਿ-ਰਸੀਆਂ ਅਭਿਆਸੀ ਜਨਾਂ ਦਾ ਮਨ ਹੀ ਪ੍ਰੇਮਾ ਭਗਤੀ ਵਿਚਿ ਵਸ ਰਸ ਕੇ ਪਰਮਾਤਮਾ ਨਾਲਿ ਮਿਲ ਜਾਂਦਾ ਹੈ ਅਤੇ ਮਿਲ ਕੇ ਤੱਦ ਰੂਪ ਹੋ ਜਾਂਦਾ ਹੈ । ਇਕ ਨਿਰਗੁਣ ਵਾਹਿਗੁਰੂ ਦੇ ਨਿਰਗੁਣੀ ਨਾਮ ਅਤੇ ਵਾਹਿਗੁਰੂ ਪਠਾਈ ਨਿਰਗੁਣ ਸਰੂਪ ਗੁਰਬਾਣੀ ਰੂਪ ਗੁਣਾਂ ਦੀ ਅਭਿਆਸ ਕਮਾਈ ਰੂਪੀ ਵੀਚਾਰ ਦਾ ਹੀ ਸਾਰਾ ਪਰਤਾਪ ਹੈ । ਨਹੀਂ ਤਾਂ ਮਨ ਇੰਦਰਿਆਂ ਨੂੰ ਰੋਕਣ ਦੀ ਕ੍ਰਿਰਿਆ ਵਾਲੇ ਬਥੇਰੇ ਜਤਨ ਉਪਾਵ ਸੰਜਮ ਕਰਮ ਕੀਤੇ, ਪਰ ਭਰਮ ਦੀ ਫਾਹੀ ਇਹਨਾਂ ਅਨਿਕ-ਜੰਤਨੀ ਆਨਮਤਿ ਕਰਮਾਂ ਦੇ ਕੀਤਿਆਂ ਟਾਲੀ ਨਹੀਂ ਟਲਦੀ ਨਾ ਹੀ ਆਨ ਕਰਮਾਂ ਦੇ ਕੀਤਿਆਂ ਪ੍ਰੇਮਾ ਭਗਤੀ ਉਪਜਦੀ ਹੈ । ਤਾਂਤੇ ਇਨ੍ਹਾਂ ਆਨਮਤ ਕਰਮੀਆਂ ਉਤੇ ਸਦਾ ਉਦਾਸਤਾ ਭਰੀ ਨਿਰਾਸਤਾ ਹੀ ਛਾਈ ਰਹਿੰਦੀ ਹੈ । ਇਹ ਹੈ ਇਕ ਵੰਨਗੀ ਮਾਤਰ ਨਿਰਣਾ ਆਨਮਤਿ ਕਰਮਾਂ ਅਤੇ ਗੁਰਮਤਿ ਕਰਮਾਂ ਦੀ ਵਿਲੱਖਣਤਾ ਤੇ ਸਰਬੋਤਮਤਾ ਦਾ ।


## ਵਰ ਦੀ ਲੋੜ

**ਬੀਬੀ ਵਾਸਤੇ ਯੋਗ ਸਿੰਘ ਦੀ ਲੋੜ, ੩੨ ਸਾਲਾ ਕੈਨੇਡਾ ਦੀ ਗਰੈਜੂਏਟ, ਚੰਗੀ ਨੌਕਰੀ 'ਤੇ ਲੱਗੀ, ੨ ਬੱਚੀਆਂ ਸਮੇਤ ਤਲਾਕਸ਼ੁਦਾ ਗੁਰਸਿੱਖ ਬੀਬੀ ਵਾਸਤੇ ਯੋਗ ਅੰਮ੍ਰਿਤਧਾਰੀ ਗੁਰਸਿੱਖ ਦੀ ਲੋੜ ਹੈ।**

**ਫੋਨ : ੬੦੪੫੯੨-੦੭੧੦ ਕੈਨੇਡਾ**




www.AKJ.Org

# ਕੋ ਵਿਰਲਾ ਗੁਰਮੁਖਿ ਵੀਚਾਰਸੀ

ਅਕਲ-ਕਲਾ ਵਾਹਿਗੁਰੂ ਨੇ ਆਪਣੇ ਧੁਰ-ਧੁਰੰਦਰੀ ਹੁਕਮ ਅਨੁਸਾਰ (ਆਪਣੇ ਆਦਿ ਜੁਗਾਦਿ ਪ੍ਰੋਗਰਾਮ ਅਨੁਸਾਰ) ਕਲਜੁਗ ਵਿੱਚ ਕਲਾ ਧਾਰ ਕੇ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿੱਚ ਪ੍ਰਗਟ ਹੋਣਾ ਸੀ, ਹੋਇਆ। ਰੱਬ ਨੇ ਆਪ ਗੁਰੂ ਨਾਨਕ ਸਾਹਿਬ ਜੀ ਦਾ ਰੂਪ ਧਾਰ ਕੇ ਗੁਰਸਿੱਖੀ ਮਾਰਗ ਚਲਾਇਆ। ਗੁਰੂ ਆਪ ਗੁਰਸਿੱਖੀ ਮਾਰਗ ਤੇ ਚਲਿਆ ਅਤੇ ਹੋਰਨਾਂ ਨੂੰ ਇਸ ਮਾਰਗ ਤੇ ਚਲਣ ਦਾ ਉਪਦੇਸ਼ ਗੁਰਬਾਣੀ ਦੁਆਰਾ ਦਿੱਤਾ। ਗੁਰਸਿੱਖੀ ਮਾਰਗ ਤੇ ਚਲਦਿਆਂ ਹੋਇਆਂ ਗੁਰੂ ਸਾਹਿਬ ਨੇ ਬਾਲ-ਲੀਲਾ ਰਚੀ, ਮੱਝੀਆਂ ਦੇ ਛੇੜੂ ਬਣੇ, ਸੱਚਾ ਸੌਦਾ ਕਰਦਿਆਂ ਪਿਤਾ ਕਾਲੂ ਜੀ ਤੋਂ ਚਪੇੜਾਂ ਖਾਧੀਆਂ, ਮੋਦੀ ਖਾਨਾ ਚਲਾਇਆ, ਖੇਤੀ ਬਾੜੀ ਕੀਤੀ, ਦੇਸ਼ਾਂ ਦੇਸ਼ਾਂਤਰਾਂ ਦਾ ਰਟਨ ਗੁਰਸਿੱਖੀ ਪਰਚਾਰ ਹਿਤ ਕੀਤਾ। ਗਰਮੀਆਂ ਸਰਦੀਆਂ ਝੱਖੜਾਂ ਉਜਾੜਾਂ ਅਤੇ ਬੀਆਬਾਨਾਂ ਦੇ ਤਸੀਹੇ ਸਹੇ, ਭੁੱਖੇ ਤਿਹਾਏ ਰਹੇ ਅਤੇ ਬਰਦਾ ਬਣ ਕੇ ਵਿਕ ਗਏ। ਗੁਰਸਿੱਖੀ ਮਾਰਗ ਤੇ ਚਲਣ ਦਾ ਮਹਿੰਗਾ ਮੁੱਲ ਦਿੱਤਾ।

੨. ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਜੀ ਦੇ ਸੇਵਕ ਬਣੇ ਅਤੇ ਹਮੇਸ਼ਾਂ ਉਹਨਾਂ ਦੇ ਸਨਮੁਖ ਰਹੇ। ਸਤਿਗੁਰਾਂ ਦਾ ਹੁਕਮ ਮੰਨਣ ਅਤੇ ਉਨ੍ਹਾਂ ਦੀ ਰਜ਼ਾ ਵਿੱਚ ਰਹਿਣ ਨੂੰ ਹੀ ਆਪਣਾ ਪ੍ਰਯੋਜਨ ਰੱਖਿਆ ਅਤੇ ਆਪਣੀ-ਮਤਿ (ਮਨਮਤਿ) ਦਾ ਕਤਈ ਤਿਆਗ ਕਰ ਦਿੱਤਾ। ਆਪਣੀ ਨਿਜੀ ਸੋਚ-ਵਿਚਾਰ ਹੀ ਛੱਡ ਦੇਣੀ, ਇਹ ਕਿਤਨਾ ਕਠਿਨ ਅਤੇ ਮਹਿੰਗਾ ਰਸਤਾ ਹੈ। ਇਹਨਾਂ ਨੇ ਆਪਣੇ ਆਪ ਨੂੰ ਸਮੁੱਚੇ ਤੌਰ ਤੇ ਹੀ ਸਤਿਗੁਰਾਂ ਦੇ ਹਵਾਲੇ ਕਰ ਦਿੱਤਾ ਅਤੇ ਕੇਵਲ ਸਤਿਗੁਰਾ ਦੇ ਹੁਕਮ ਨੂੰ ਹੀ ਹੀ ਮੁੱਖ ਰੱਖਿਆ। ਆਪਣੀ ਚਤੁਰਾਈ ਨੂੰ ਬਿਲਕੁਲ ਹੀ ਤਿਲਾਂਜਲੀ ਦੇ ਦਿੱਤੀ। ਇਹ ਸਭ ਕੁਝ ਕਿਸੇ ਮਖ਼ਸੂਸ ਸਮੇਂ ਲਈ ਨਹੀਂ ਕੀਤਾ, ਸਗੋਂ ਉਮਰ ਪ੍ਰਯੰਤ ਹੀ ਇਸ ਤੇ ਡਟੇ ਰਹਿਣ ਦੇ ਕਮਰ-ਕੱਸੇ ਕਰ ਲਏ। ਆਪਣੀ ਮਤਿ ਦਾ ਐਸਾ ਪੂਰਨ ਤਿਆਗ ਕਿਸੇ ਵਿਰਲੇ ਦੇ ਭਾਗਾਂ ਵਿੱਚ ਹੀ ਆਇਆ ਹੈ। ਜੇ ਸਾਹਿਬਾਂ ਨੇ ਰਾਤ ਨੂੰ ਦਿਨ ਕਿਹਾ ਹੈ ਤਾਂ ਸੇਵਕ ਨੇ ਪੂਰਨ ਵਿਸ਼ਵਾਸ ਸਹਿਤ ਕਿਹਾ ਹੈ ਕਿ ਹਾਂ ਜੀ, ਦਿਨ ਹੈ। ਜੇ ਸਾਹਿਬਾਂ ਨੇ ਦਰੱਖਤ ਉਤੇ ਚੜ੍ਹ ਕੇ ਮਠਿਆਈ ਝਾੜਨ ਲਈ ਕਿਹਾ ਹੈ ਤਾਂ ਸੇਵਕ ਨੇ ਤੁਰਤ ਫੁਰਤ ਹੁਕਮ ਦੀ ਤਾਮੀਲ ਕੀਤੀ ਹੈ। ਸੇਵਕ ਨੇ ਸਤਿਗੁਰੂ ਜੀ ਦੇ ਹਰ ਹੁਕਮ ਨੂੰ ਸੱਚ ਅਤੇ ਸਤਿ ਸਤਿ ਕਰ ਕੇ ਮੰਨਿਆ ਅਤੇ ਕਮਾਇਆ। ਆਪਣੀ ਮਤਿ ਛੋਡਿ, ਗੁਰੂ ਦੀ ਮਤਿ ਐਸੀ ਗ੍ਰਹਿਣ ਕਰੀ ਕਿ ਗੁਰਪ੍ਰਸਾਦਿ ਸੇਵਕ ਤੋਂ ਨਾਨਕ ਬਣ ਗਏ।

੩. ਅਮਰ ਦਾਸ ਸਾਹਿਬ ਜੀ ਦਾ ਜੀਵਨ ਤੱਕੋ--ਪਿਛਲੀ ਬਿਰਧ ਅਵਸਥਾ ਵਿੱਚ ਜਦੋਂ ਆਮ ਮਨੁੱਖ ਤੁਰਨ ਫਿਰਨ ਲਈ ਡੰਗੋਰੀ ਦਾ ਆਸਰਾ ਢੂੰਡਦਾ ਹੈ,ਆਪਣੇ ਸਰੀਰ ਦੀ ਦੇਖ-ਭਾਲ ਵਾਸਤੇ ਸਾਕ-ਸੈਣ ਵੱਲ ਤੱਕਦਾ ਹੈ, ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਜੀ ਦੇ ਇਸ਼ਨਾਨਿਆਂ ਵਾਸਤੇ ਖਡੂਰ ਸਾਹਿਬ ਜਲ ਢੋਣ ਦੀ ਕਰੜੀ ਸੇਵਾ ਸੰਭਾਲ ਲਈ। ਅਤੇ ਜਲ ਭੀ ਦਰਿਆ ਬਿਆਸ ਦਾ ਜੋ ਕਿ ਤਕਰੀਬਨ ਨੌਂ ਕਿਲੋਮੀਟਰ ਦੀ ਦੂਰੀ ਤੇ ਵਗ ਰਿਹਾ ਸੀ। ਅੱਧੀ ਰਾਤ ਤੋਂ ਪਹਿਲਾਂ ਹੀ ਅਮਰਦਾਸ ਜੀ ਨੇ ਗਾਗਰ ਚੁੱਕ ਕੇ ਦਰਿਆ ਵਲ ਚਾਲੇ ਪਾ ਦੇਣੇ ਤਾਂ ਜੁ ਅੰਮ੍ਰਿਤ ਵੇਲੇ ਨੂੰ, ਸਮੇਂ ਸਿਰ, ਤਾਜੇ ਜਲ ਦੀ ਗਾਗਰ ਸਤਿਗੁਰੂ ਜੀ ਦੇ ਇਸ਼ਨਾਨ-ਅਸਥਾਨ ਉਤੇ ਪੁਚਾ ਦਿੱਤੀ ਜਾਵੇ। ਉਸ ਸਮੇਂ ਖਡੂਰ ਸਾਹਿਬ ਅਤੇ ਦਰਿਆ ਬਿਆਸ ਦੇ ਵਿਚਕਾਰ ਕੋਈ ਜਰਨੈਲੀ ਸੜਕ ਨਹੀਂ ਸੀ। ਕਿਤੇ ਡੰਡੀ, ਕਿਤੇ ਵੱਟਾਂ, ਕਿਤੇ ਟਿੱਬੇ, ਕਿਤੇ ਡਾਂਡੇ-ਮੀਡੇ, ਕਿਤੇ ਝਾੜੀਆਂ, ਦਰੱਖਤਾਂ, ਖੇਤਾਂ ਬੀਆ ਬਾਨ੍ਹਾਂ ਵਾਲਾ ਹੀ ਰਸਤਾ ਸੀ। ਉਨ੍ਹੀਂ ਦਿਨੀਂ ਨਾ ਤਾਂ ਬੱਤੀ ਨਾ ਟਾਰਚ, ਹਨੇਰੇ ਵਿੱਚ ਹੱਥ ਪਸਾਰਿਆਂ ਨਜ਼ਰ ਨਹੀਂ ਸੀ



www.AKJ.Org

ਆਉਂਦਾ । ਏਥੇ ਹੀ ਬੱਸ ਨਹੀਂ, ਖਡੂਰ ਸਾਹਿਬ ਤੇ ਦਰਿਆ ਵੱਲ ਜਾਂਦੇ ਹੋਏ ਅਮਰ ਦਾਸ ਜੀ ਪੁੱਠੇ ਪੈਰੀਂ ਜਾਂਦੇ (ਭਾਵ ਕਿ ਆਪਣਾ ਮੂੰਹ ਖਡੂਰ ਸਾਹਿਬ ਵੱਲ ਹੀ ਰੱਖਦੇ । ਗੁਰੂ ਸਾਹਿਬ ਜੀ ਵੱਲ ਆਪਣੀ ਪਿੱਠ ਕਦੇ ਭੀ ਨਾ ਕਰਦੇ) । ਅਜਿਹੀ ਸੇਵਾ ਕਿਤਨੀ ਕਠਿਨ ਹੈ । ਹਨ੍ਹੇਰੀਆਂ ਰਾਤਾਂ ਵਿੱਚ, ਗਰਮੀਆਂ, ਸਰਦੀਆਂ, ਝੱਖੜਾਂ ਬਾਰਸ਼ਾਂ, ਸਿਆਲੀਆਂ ਠੱਕਿਆਂ ਦੀ ਪਰਵਾਹ ਨਾ ਕਰਦੇ ਹੋਏ ਔਝੜਾਂ ਬੀਆਬਾਨਾਂ ਵਿੱਚ ਦੀ ਸੀਸ ਤੇ ਗਾਗਰ ਚੱਖ ਕੇ ਅਠ੍ਹਾਰਾਂ ਕਿਲੋਮੀਟਰਾਂ ਦੀ ਮਹਾਂ ਕਰੜੀ ਯਾਤਰਾ ਹਰ ਰੋਜ਼ ਕਰਦੇ । ਇਹ ਲੂੰਈਂ ਕੰਡੇ ਖੜੇ ਕਰਨ ਵਾਲੀ ਸੇਵਾ, ਕੁਝ ਦਿਨਾਂ, ਹਫ਼ਤਿਆਂ ਜਾਂ ਮਹੀਨਿਆਂ ਤੱਕ ਦੀ ਨਹੀਂ ਸੀ, ਬਲਕਿ ਚਲ ਸੋ ਚਲ, ਲਗਾਤਾਰ ਇਕ-ਸਾਰ ਬਾਰ੍ਹਾਂ ਬਰਸ ਰਹੀ ਅਤੇ ਰੋਮ ਰੋਮ ਵਿੱਚ ਸਤਿਗੁਰਾਂ ਦੀ ਸੇਵਾ ਕਰਨ ਦਾ ਚਾਅ ਭਰਿਆ ਰਿਹਾ । ਜਲ ਢੋਣ ਲਈ ਘੋੜਾ, ਖੱਚਰ ਜਾਂ ਕਿਸੇ ਜਵਾਨ ਮਜ਼ਦੂਰ ਆਦਿ ਦਾ ਖ਼ਿਆਲ ਤੱਕ ਵੀ ਨਾ ਆਇਆ-- "ਜਲੁ ਢੋਵਉ ਇਹ **ਸੀਸ ਕਰਿ**......." (੮੧੩) ॥ ਨਿਜੀ ਸੁਖ ਦਾ ਐਸਾ ਤਿਆਗ ਤੇ ਗੁਰਸਿੱਖੀ ਮਾਰਗ ਉਤੇ ਚੱਲਣ ਦਾ ਇਤਨਾ ਕਰੜਾ ਤੇ ਮਹਿੰਗਾ ਮੁੱਲ ਦਿੱਤਾ । ਸਾਡੇ ਵਰਗਿਆਂ ਨੂੰ ਜੇ ਕੇਵਲ ਇਕ ਰਾਤ ਲਈਂ ਹੀ ਅਜਿਹੀ ਸੇਵਾ ਕਰਨੀ ਪੈ ਜਾਏ, ਸਾਨੂੰ ਨਾਨੀ ਯਾਦ ਆ ਜਾਏ । ਇਸ ਮਹਿੰਗੇ ਮੁੱਲ ਦੇਣ ਦਾ ਨਤੀਜਾ ਕੀ ਨਿਕਲਿਆ ? ਅਮਰ ਦਾਸ ਜੀ ਗੁਰੂ-ਕਿਰਪਾ ਦਵਾਰਾ ਗੁਰੂ ਰੂਪ ਹੋ ਗਏ ਅਤੇ ਗੁਰੂ ਅਮਰਦਾਸ਼ ਜੀ ਕਹਿਲਾਏ ।

੪. ਏਸੇ ਲੜੀ ਨੂੰ ਅੱਗੇ ਤੋਰਦੇ ਹੋਏ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰੀਏ, ਕਿ ਗੁਰਸਿੱਖੀ ਮਾਰਗ ਤੇ ਚਲਦਿਆਂ ਹੋਇਆਂ ਨੇ ਤੱਤੀ ਲੋਹ ਉਤੇ ਚੌਂਕੜੇ ਸਜਾਏ, ਤੱਤੀ ਰੇਤ ਦੇ ਕੜਛੇ ਸੀਸ ਉਤੇ ਪਵਾਏ, ਉਬਲਦੀ ਦੇਗ ਵਿੱਚ ਬੈਠਣਾ ਪਰਵਾਨ ਕੀਤਾ, ਉਹ ਵੀ ਭਰ ਗਰਮੀ (ਜੂਨ) ਦੇ ਮਹੀਨੇ ਵਿੱਚ, ਕੜਕਦੀ ਧੁੱਪ ਅੰਦਰ । ਰੌਂਗਟੇ ਖੜੇ ਹੋ ਜਾਂਦੇ ਹਨ ਜਦ ਇਨ੍ਹਾਂ ਦਾ ਨਕਸ਼ਾ ਅੱਖਾਂ ਸਾਹਮਣੇ ਆਉਂਦਾ ਹੈ । ਇਤਨਾ ਕਸ਼ਟ । ਹੱਦ ਟੁੱਟ ਗਈ ਆਪਣੀ ਜਾਨ ਦੀ ਕੁਰਬਾਨੀ ਅੱਤ ਕਠਿਨ ਤਸੀਹਿਆਂ ਦੀ ਛਾਇਆ ।

੫. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਸ਼ਹੀਦੀ ਤੋਂ ਪਹਿਲਾਂ ਸਰੀਰਕ ਕਸ਼ਟ (ਲੋਹੇ ਦੇ ਪਿੰਜਰੇ ਵਿੱਚ) । ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਕੁਰਬਾਨੀਆਂ - ਪਿਤਾ ਜੀ ਨੂੰ ਆਪਣੇ ਹੱਥੀਂ ਮਜ਼ਲੂਮਾਂ ਦੀ ਰਕਸ਼ਾ ਹਿਤ ਸੀਸ ਦੀ ਭੇਟਾ ਦੇਣ ਲਈ ਦਿੱਲੀ ਨੂੰ ਵਿਦਾ ਕੀਤਾ। ਦੋ ਸਾਹਿਬਜ਼ਾਦਿਆਂ ਨੂੰ ਥਾਪੜਾ ਦੇ ਕੇ ਹੱਥੀਂ ਧਰਮ-ਯੁੱਧ ਵਿੱਚ ਤੋਰ ਦਿੱਤਾ । ਦੋ ਸਾਹਿਬਜ਼ਾਦੇ ਨੀਂਹਾਂ ਵਿੱਚ ਚਿਣੇ ਗਏ । ਮਾਤਾ ਜੀ ਕੁਰਬਾਨ ਹੋ ਗਏ । ਬੇਅੰਤ ਗੁਰੂ ਦੇ ਹੀਰੇ-ਸਿੱਖ ਹੱਸ ਹੱਸ ਕੇ ਜੰਗਾਂ ਵਿੱਚ ਜੂਝ ਗਏ । ਗੁਰਸਿੱਖੀ ਮਾਰਗ ਤੇ ਚਲਦੇ ਹੋਏ ਸਿਰੋਂ ਪਰੇ ਦੁੱਖ ਸਹਾਰਦੇ ਹੋਏ ਆਪਣੀਆਂ ਜਾਨਾਂ ਤੇ ਖੇਲ ਗਏ ਅਤੇ ਸਦੀਵੀ ਗੁਰ-ਖੁਸ਼ੀ ਪ੍ਰਾਪਤ ਕਰ ਕੇ ਨਿਜ ਘਰਿ ਜਾ ਵਾਸਾ ਪਾਇਆ ।

੬. ਹੱਦੋਂ ਪਰੇ ਦੀਆਂ ਕੁਰਬਾਨੀਆਂ, ਕਰੜਾਈਆਂ ਅਤੇ ਕਠਿਨਾਈਆਂ ਵਾਲੇ ਗੁਰਸਿੱਖੀ ਮਾਰਗ ਦਾ ਇਹ ਪਰਚਾਰ, ਵਾਹਿਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸਾਂ ਜਾਮਿਆਂ ਵਿੱਚ ਆਪਣੀ ਜੋਤਿ ਧਾਰ ਕੇ ਕਿਉਂ ਕੀਤਾ ? ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਗੁਰ-ਜੋਤਿ ਬਖਸ਼ ਕੇ ਗੁਰ-ਗੱਦੀ ਉਤੇ ਹਮੇਸ਼ਾ ਲਈ ਅਸਥਾਪਨ ਕਰਨ ਹਿੱਤ ਇਹ ਸਭ ਰਚਨਾ ਰਚੀ ਤਾਂ ਜੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਤੱਲੇ ਗੁਰਸਿੱਖ, ਗੁਰਸਿੱਖੀ ਮਾਰਗ ਤੇ ਚਲਦੇ ਹੋਏ, ਮੁੱਖ ਉਜਲਾ ਲੈ ਕੇ ਹਰਿ ਦਰਗਹਿ ਪੈਧੇ ਜਾਵਣ । ਇਹ ਹੈ ਝਾਕੀ ਅਸਲੀ ਗੁਰਸਿੱਖੀ ਜੀਵਨ ਦੀ ਸਿਰ ਦੇ ਕੇ ਮੁੱਲ ਲਏ ਹੋਏ ਗੁਰਸਿੱਖੀ ਜੀਵਨ ਦੀ (ਮੈਤਉਮੋਲਿਮਹਗੀਲਇਜੀਅਸਟੈ ॥ ੬੯੪)

੭. ਹੁਣ ਦੇਖੋ ਸੌਖੇ ਅਨੰਦ-ਮਈ, ਮੌਜਾਂ ਭਰੇ ਕਹਾਉਤੀ ਗੁਰਸਿੱਖੀ ਜੀਵਨ ਦੀ ਝਾਕੀ, ਸੁਖਿਆਰੇ ਅਤੇ ਚਾਤੁਰ ਗੁਰਸਿੱਖਾਂ ਨੂੰ ਲੜੀਦਾਰ ਬਾਣੀ (ਜੁੜਤ ਸ਼ਬਦਾਂ ਵਾਲੀ ਰੱਬੀ ਰਜ਼ਾ ਅੰਦਰਿ ਰਚੀ ਹੋਈ ਬਾਣੀ) ਦਾ ਪਾਠ ਕਰਨਾ ਮੁਸ਼ਕਿਲ, ਔਖਾ ਅਤੇ ਮਹਿੰਗਾ ਲੱਗਦਾ ਹੈ । ਇਹਨਾਂ ਨੇ ਆਪਣੀ ਸਹੂਲਤ ਵਾਸਤੇ ਲੜੀਦਾਰ ਬਾਣੀ ਨੂੰ ਪਦ-ਛੇਦ ਵਾਲੀ ਬਾਣੀ ਦਾ ਰੂਪ



www.AKJ.Org

ਦੇ ਦਿੱਤਾ ਹੈ । ਇਹਨਾਂ ਦਾ ਖਿਆਲ ਹੈ ਕਿ ਰੱਬ ਨੇ ਲੜੀਦਾਰ ਬਾਣੀ ਰਚਣ ਦੀ ਗਲਤੀ ਕੀਤੀ ਹੈ ਕਿਉਂਕਿ ਲੜੀਦਾਰ ਬਾਣੀ ਨਾਲ ਗੁਰਸਿੱਖੀ ਦਾ ਪਰਚਾਰ ਹੋਣਾ ਅਤਿਅੰਤ ਮੁਸ਼ਕਿਲ ਹੈ ਅਤੇ ਇਸ ਰਫ਼ਤਾਰ ਦੇ ਜ਼ਮਾਨੇ ਵਿੱਚ ਅਸੰਭਵ ਹੈ । ਕਿਸੇ ਦੀ ਅਗਵਾਈ ਲਏ ਬਿਨਾਂ ਲੜੀਦਾਰ ਬਾਣੀ ਦਾ ਪਾਠ ਨਹੀਂ ਹੋ ਸਕਦਾ । ਪਦ-ਛੇਦ ਬਾਣੀ ਦਾ ਪਾਠ ਦੂਜੀ ਤੀਜੀ ਜਮਾਤ ਵਿੱਚ ਪੜ੍ਹਨ ਵਾਲੇ ਬੱਚੇ ਭੀ ਕਰ ਸਕਦੇ ਹਨ; ਚੌਥੀ ਪੰਜਵੀਂ ਵਿੱਚ ਪੜ੍ਹਨ ਵਾਲੇ ਬੱਚੇ ਤਾਂ ਅਖੰਡ ਪਾਠ ਭੀ ਕਰ ਸਕਦੇ ਹਨ ।

੮. ਅਜਿਹੀ ਚਤੁਰਾਈ ਭਰੇ ਵਿਚਾਰ ਵਾਲੇ ਸਿੱਖਾਂ ਨੇ ਇਹ ਕਦੇ ਨਹੀਂ ਸੋਚਿਆ ਕਿ ਰੱਬ, ਜਿਸ ਦਾ ਕਲਯੁਗ ਵਿੱਚ ਬਾਣੀ ਰਚਣ ਦਾ ਆਦਿ ਧੁਰ-ਧੁਰੰਦਰੀ ਪ੍ਰੋਗਰਾਮ ਸੀ, ਅਤੇ ਜਿਸ ਨੇ ਦੋ ਸੌ ਸਾਲ ਤੋਂ ਉਪਰ ਦਾ ਸਮਾਂ ਲੜੀਦਾਰ ਬਾਣੀ ਰਚਣ ਹਿਤ ਦਸ ਗੁਰ ਜਾਮੇ ਧਾਰ ਕੇ ਲਗਾਇਆ, ਕੀ ਉਸ ਰੱਬ ਨੂੰ ਇਹ ਵੀ ਪਤਾ ਨਹੀਂ ਸੀ ਕਿ ਇਸ ਬਾਣੀ ਦਾ ਠੀਕ ਸਰੂਪ ਪਦ-ਛੇਦ ਹੋਵੇਗਾ ਕਿ ਲੜੀਦਾਰ ? ਕੀ ਇਸ ਦਾ ਇਲਮ ਕੇਵਲ ਅੱਜ-ਕਲ੍ਹ ਦੇ ਚਾਤੁਰ, ਸੁਖ-ਰਹਿਣੇ, ਅਤੇ ਵਿੱਲੜ ਸਿੱਖਾਂ ਨੂੰ ਹੀ ਹੋਣਾ ਸੀ ਕਿ ਪਦ-ਛੇਦ ਸਰੂਪ ਹੀ ਠੀਕ ਬੈਠੇਗਾ ? ਇਹ ਕੈਸੀ ਕੋਝੀ ਅਤੇ ਖੋਖਲੀ ਗੱਲ ਹੈ ਕਿ (ਹਰਿਜੋਕਿਛੁਕਰੇਸੁਆਪੇਆਪੇਓਹੁ ਪੂਛਿਨਕਿਸੈਕਰੇਬੀਚਾਰਿ ॥ ੧੧੩੫)

੯. ਗੁਰਬਾਣੀ ਦਾ ਕੇਵਲ ਲੜੀਦਾਰ ਸਰੂਪ ਹੀ ਗੁਰੂ ਨਾਨਕ ਸਾਹਿਬ ਦਾ ਧੁਰ-ਧੁਰੰਦਰੀ ਪ੍ਰੋਗਰਾਮ ਸੀ, ਅਤੇ ਇਹੋ ਸਰੂਪ ਰੱਬ-ਰਜਾਇਆ ਗੁਰ ਪਰਵਾਨਿਆ ਸਰੂਪ ਹੈ । ਇਸ ਬਾਣੀ ਨੂੰ ਗੁਰੂ ਸਾਹਿਬ ਨੇ ਦੋ ਵਾਰੀ ਲੜੀਦਾਰ ਸਰੂਪ ਦਿੱਤਾ--ਪਹਿਲੋਂ ਪੰਜਵੇਂ ਜਾਮੇ ਵਿੱਚ ਅਤੇ ਦੁਬਾਰਾ ਦਸਵੇਂ ਜਾਮੇ ਵਿੱਚ । ਪੂਰੇ ਗੁਰੂ ਨੇ ਆਪਣੀ ਪੂਰੀ ਮਤਿ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲੜੀਦਾਰ ਗੁਰਬਾਣੀ ਨਾਲ ਸ਼ਿੰਗਾਰਿਆ ਹੈ । ਆਪਣੇ ਮਨ ਦੀ ਚਤੁਰਾਈ ਨੂੰ ਤਾਂ ਤਿਆਗਣ ਦਾ ਹੀ ਹੁਕਮ ਹੈ --(ਮਨਕੀ ਮਤਿਤਿਆਗਹੁਹਰਿਜਨਏਹਾਬਾਤਕਠੈਨੀ ॥ ੮੦੦)

੧੦. ਪਦ-ਛੇਦਤਾ ਨੇ ਮਹਿੰਗੀ ਬਾਣੀ ਨੂੰ ਸਸਤਾ ਕਰ ਦਿੱਤਾ ਹੈ ਅਤੇ ਇਸਦੀ ਕਦਰ ਘਟਾਉਣ ਦਾ ਦੋਸ ਪਦ-ਛੇਦੀਆਂ ਨੇ ਆਪਣੇ ਸਿਰ ਲੈ ਲਿਆ ਹੈ । ਲੜੀਦਾਰ ਬਾਣੀ ਦਾ ਪਾਠ ਮਿਹਨਤ, ਸਮਾਂ ਅਗਵਾਈ ਅਤੇ ਪੂਰਾ ਧਿਆਨ ਮੰਗਦਾ ਹੈ । ਇਹ ਸੌਖਾ ਕੰਮ ਨਹੀਂ ਹੈ; ਕਠਿਨ ਹੈ; ਮਹਿੰਗਾ ਹੈ ਅਤੇ ਬਾਣੀ ਦੀ ਕਦਰ ਵਧਾਉਂਦਾ ਹੈ । ਲੜੀਦਾਰ ਬਾਣੀ ਦਾ ਪਾਠ ਕਰਦਿਆ ਹੋਇਆਂ ਅਤੇ ਪਾਠ ਕਰਨ ਤੋਂ ਬਾਦ ਵੀ ਮਨ ਵਿੱਚ ਇਹ ਖਿਆਲ ਰਹੇਗਾ ਕਿ ਪਤਾ ਨਹੀਂ ਕਿਤਨੀਆਂ ਕੁ ਗਲਤੀਆਂ ਪਾਠ ਕਰਨ ਵਿੱਚ ਹੋ ਗਈਆਂ । ਮਨ ਅਰਦਾਸ ਵਿੱਚ ਜੁੜ ਕੇ ਸਤਿਗੁਰਾਂ ਪਾਸੋਂ ਹੋ ਗਈਆਂ ਬੇਅੰਤ ਗਲਤੀਆਂ ਦੀ ਖਿਮਾਂ ਮੰਗੇਗਾ ਅਤੇ ਅੱਗੋਂ ਲਈ ਸ਼ੁੱਧ ਪਾਠ ਦੀ ਗਿਆਤ ਲਈ ਜਾਚਨਾ ਕਰੇਗਾ । ਇਸ ਨਾਲ ਮਨ ਵਿੱਚ ਨਿਰਮਾਣਤਾ ਅਤੇ ਗਰੀਬੀ ਆਏਗੀ। ਅਜਿਹਾ ਗੁਰਮਤਿ ਅਨੁਕੂਲ ਹੈ-ਗੁਰਮੁਖਿ ਨਿਮਾਣਾ ਹੋਹੁ ।

੧੧. ਇਸ ਦੇ ਉਲਟ ਪਦ-ਛੇਦ ਬਾਣੀ ਦਾ ਪਾਠ ਬੜਾ ਹੀ ਸਹਿਲ ਹੁੰਦਾ ਹੈ । ਮਨ ਵਿੱਚ ਇਹੋ ਖ਼ਿਆਲ ਰਹਿੰਦਾ ਹੈ ਕਿ ਪਾਠ ਸ਼ੁੱਧ ਕੀਤਾ ਹੇ, ਕੋਈ ਗਲਤੀ ਨਹੀਂ ਕੀਤੀ, ਇਸ ਨਾਲ ਮਨ ਵਿੱਚ ਹਉਮੈ ਆ ਜਾਂਦੀ ਹੈ । ਪਾਠ ਸ਼ੁੱਧ ਕਰਨ ਲਈ ਗੁਰੂ ਜੀ ਅੱਗੇ ਅਰਦਾਸ ਕਰਨ ਦੀ ਲੋੜ ਹੀ ਨਹੀਂ ਭਾਸਦੀ ਅਤੇ ਨਾ ਹੀ ਰਹਿੰਦੀ ਹੈ । ਅਜਿਹਾ ਵਿਚਾਰ ਸਿੱਖੀ ਭਾਵਨਾ ਦੇ ਉਲਟ ਹੈ । ਤਾਂਹੀਓਂ ਹੀ ਸਾਹਿਬਾਂ ਨੇ ਲੜੀਦਾਰ ਬਾਣੀ ਰਚੀ ਹੈ ।

੧੨. ਲੜੀਦਾਰ ਗੁਰਬਾਣੀ ਨੂੰ ਪਦ-ਛੇਦ ਰੂਪ ਦੇਣਾ ਸਾਡੀ ਚਤੁਰਾਈ, ਗੁਰੂ ਤੋਂ ਬੇਮੁਖਤਾਈ ਅਤੇ ਪੂਰੇ ਗੁਰੂ ਦੀ ਪੂਰੀ ਮਤਿ ਉਤੇ ਸਾਡੀ ਗੁਸਤਾਖ਼ੀ ਭਰੀ ਟੀਕਾ-ਟਿੱਪਣੀ ਹੈ । ਇਸ ਮਨਮਤਿ ਦੇ ਹਾਮੀ ਭੀ ਨਿਰਦੋਸ਼ ਨਹੀਂ ਰਹਿ ਸਕਦੇ । ਬੱਕਰੇ ਮਾਰਨ ਵਾਲਾ, ਕਸਾਈ ਪਾਸ ਬੱਕਰੇ ਵੇਚਣ ਵਾਲਾ ਅਤੇ ਬੱਕਰਿਆਂ ਨੂੰ ਖਾਣ ਵਾਲਾ, ਸਭ ਬਰਾਬਰ ਦੇ ਹੀ ਦੋਸ਼ੀ ਹਨ । ਸਾਡੇ ਚਾਤੁਰ, ਸੁਖ-ਰਹਿਣੇ ਅਤੇ ਸਸਤੇ ਮੁੱਲ ਗੁਰਸਿੱਖੀ ਲੱਭਣ ਵਾਲੇ ਸਿੱਖਾਂ ਨੇ ਗੁਰਬਾਣੀ ਪਦ-ਛੇਦ ਕਰਨ ਤੇ ਹੀ ਬੱਸ ਨਹੀਂ ਕੀਤੀ



www.AKJ.Org

ਸਗੋਂ ਕਈ ਹੋਰ ਮੱਲਾਂ ਭੀ ਮਾਰੀਆਂ ਹਨ । ਅੰਮ੍ਰਿਤ ਵੇਲੇ ਦੇ ਜਾਗਣ, ਇਸ਼ਨਾਨ ਕਰਨ, ਨਾਮ ਸਿਮਰਨ ਅਤੇ ਨਿਤਨੇਮ ਵਿੱਚ ਢਿਲਿਆਈ, ਗਾਤਰੇ ਦੀ ਕਿਰਪਾਨ ਦੀ ਬਜਾਏ ਕੰਘੇ ਉਤੇ ਜੜੀ ਅੱਧੀ ਇੰਚ ਦੀ ਮਿੰਨੀ ਕਿਰਪਾਨ ਨਾਲ ਹੀ ਕੰਮ ਸਾਰ ਲੈਂਦੇ ਹਨ । ਇਹਨਾਂ ਦੀ ਰੀਸੇ ਬੀਬੀਆਂ ਭੀ ਸਿੱਖੀ ਰਹਿਤ ਬਹਿਤ ਨਾਲੋਂ ਫੈਸ਼ਨ ਨੂੰ ਤਰਜੀਹ ਦਿੰਦੀਆਂ ਹਨ । ਜੋ ਭੀ ਰਹਿਤ ਬਹਿਤ ਦੀ ਦੁਰਦਸ਼ਾ ਅਸੀਂ ਦੇਖ ਰਹੇ ਹਾਂ, ਇਹ ਸਸਤੀ ਅਤੇ ਸੁਖ-ਰਹਿਣੀ ਸਿੱਖੀ ਦੇ ਭੁੱਲੜ ਮੁਤਲਾਸ਼ੀਆਂ ਨੇ ਹੀ ਕੀਤੀ ਹੈ ।

੧੩. ਗੁਰਬਾਣੀ ਤਾਂ ਨਾ ਸਿਰਫ ਮਨਮਤਿ ਨੂੰ ਤਿਆਗਣ ਦਾ ਹੀ ਹੁਕਮ ਦੇਂਦੀ ਹੈ ਸਗੋਂ ਮਨਮਤਿ ਦੇ ਧਾਰਨੀਆਂ ਤੋਂ ਭੀ ਦੂਰ ਰਹਿਣ ਦਾ ਉਪਦੇਸ਼ ਦਿੰਦੀ ਹੈ । ਯਥਾ - **"ਮਨ ਕੀ ਮਤਿ ਤਿਆਗਹੁ ਹਰਿਜਨ....੮੦੦ ॥" "ਮਨਮੁਖ ਸਉਕਰਿਦੋਸਤੀ ....... ਸਤਿਗੁਰਸਉਲਾਇ ਚਿਤ ॥੧੪੨੧॥"** ਸੁਖ-ਰਹਿਣੇ ਅਤੇ ਸਸਤੇ ਮੁੱਲ ਗੁਰਸਿੱਖੀ ਦੇ ਲੱਭਣਹਾਰਿਆਂ ਨੂੰ ਇਹ ਸੋਚਣਾ ਚਾਹੀਏ ਕਿ ਪੁਰਾਤਨ ਸੂਰਬੀਰ ਸਿੰਘ ਗੁਰੂ ਕੇ ਹੀਰੇ ਗੁਰਸਿੱਖੀ ਕਮਾਉਂਦੇ ਹੋਏ ਚਰਖੜੀਆਂ ਤੇ ਕਿਉਂ ਚੜ੍ਹ ਗਏ ? ਤੇਲ ਦੇ ਕੜਾਹਿਆਂ ਵਿੱਚ ਕਿਉਂ ਤਲੇ ਗਏ ? ਖੋਪਰੀ ਕਿਉਂ ਰੰਭੀ ਨਾਲ ਉਤਰਵਾ ਲਈ ? ਆਰੇ ਨਾਲ ਕਿਉਂ ਤਨ ਚਿਰਵਾ ਲਿਆ ? ਬੰਦ ਬੰਦ ਕਿਉਂ ਕਟਵਾਏ ? ਜੀਊਂਦੇ-ਜੀਅ ਕਿਉਂ ਭੱਠੀਆਂ ਵਿੱਚ ਝੋਕਿਆ ਜਾਣਾ ਕਿਉਂ ਖਿੜੇ ਮੱਥੇ ਪਰਵਾਨ ਕੀਤਾ ? ਕਿਉਂ ਗੋਲੀਆਂ ਦੇ ਨਿਸ਼ਾਨੇ ਬਣੇ ? ਕਿਉਂ ਸੀਸ ਕੱਟਵਾ ਲਏ ? ਘੋੜਿਆਂ ਦੇ ਸੁੰਮਾਂ ਥੱਲੇ ਕਿਉਂ ਵਿਛ ਗਏ ? ਕਿਉਂ ਡਾਂਗਾਂ ਦੀਆਂ ਮਾਰਾਂ ਖਾਧੀਆਂ ਅਤੇ ਜੇਲ੍ਹਾਂ ਕੱਟੀਆਂ ? ਕਿਉਂ ਰੇਲ-ਗੱਡੀ ਥੱਲੇ ਪਿਸ ਗਏ ? ਕਿਉਂ ਗੁਰਸਿੱਖੀ ਮਾਰਗ ਦੇ ਪਾਂਧੀ ਬਣ ਕੇ ਘਰਾਂ ਦੇ ਸੁੱਖ ਤਿਆਗ ਕੇ ਜੰਗਲਾਂ ਵਿੱਚ ਜਾ ਬਸੇਰੇ ਕੀਤੇ ? ਮਾਵਾਂ ਨੇ ਕਿਉਂ ਆਪਣੇ ਨੇਤਰਾਂ ਦੇ ਸਾਹਮਣੇ ਆਪਣੇ ਬੱਚਿਆਂ ਦੇ ਟੋਟੇ ਹੁੰਦੇ ਵੇਖ ਕੇ ਬਰਦਾਸ਼ਤ ਕੀਤਾ? ਕੀ ਇਹ ਸਾਰੇ ਆਪਣੀ ਮਤਿ ਅਤੇ ਚਤੁਰਾਈ ਨੂੰ ਵਰਤ ਕੇ ਦੁਨਿਆਵੀ ਸੁੱਖ ਨਹੀਂ ਸਨ ਲੱਭ ਸਕਦੇ ? ਪਰ ਇੰਜ ਕੀਤਾ ਨਹੀਂ, ਕਿਉਂਕਿ ਗੁਰੂ-ਦਰਸਾਈ ਸਿੱਖੀ (ਗੁਰਮਤਿ ਪਿਆਰੀ ਸੀ । ਇਸ ਨੂੰ ਕਮਾਉਣ ਵਿੱਚ ਹੀ ਸੱਚਾ ਅਤੇ ਸਦੀਵੀ ਆਤਮਕ ਅਨੰਦ ਸੀ ਅਤੇ ਸਤਿਗੁਰੂ ਦੀ ਖੁਸ਼ੀ ਪ੍ਰਾਪਤ ਹੋ ਸਕਦੀ ਸੀ ਅਤੇ ਹੁੰਦੀ ਹੈ--

**"ਚਾਲਾਨਿਰਾਲੀਭਗਤਾਹਕੇਰੀਬਿਖਮਮਾਰਗਿਚਲਣਾ ॥੯੧੮॥"**
**"ਮਿਸਲਫਕੀਰਾਂਗਾਖੜੀਸੁਪਾਈਐਪੂਰਕਰੰਮਿ.......॥੧੩੮੪॥"**

੧੪. ਗੁਰਸਿਖੀ ਮਾਰਗ ਦੇ ਪਾਂਧੀਆਂ ਨੇ ਕਿਸੇ ਕੀਮਤ ਤੇ ਭੀ ਇਸ ਮਾਰਗ ਨੂੰ ਨਹੀਂ ਤਿਆਗਿਆ । ਇਸ ਮਾਰਗ ਨੂੰ ਜਾਨ ਤੋਂ ਪਿਆਰਾ ਸਮਝ ਕੇ ਹਰ ਪ੍ਰਕਾਰੀ ਸਾਹਮਣੇ ਆਈਆਂ ਔਕੜਾਂ ਨੂੰ ਝੱਲਿਆ । ਗੁਰੂ-ਹੁਕਮਾਂ ਦਾ ਸਤਿਕਾਰ ਕੀਤਾ । ਗੁਰਸਿੱਖੀ ਮਾਰਗ ਦੇ ਪਾਂਧੀਆਂ ਦੀ ਅਗਵਾਈ ਲਈ ਪੂਰੇ ਰੱਬ ਨੇ ਪੂਰੇ ਗੁਰੂ ਰਾਹੀਂ ਆਪਣੀ ਪੂਰੀ ਮਤਿ ਅਨੁਸਾਰ, ਪੂਰੀ ਬਾਣੀ ਨੂੰ ਲੜੀਦਾਰ ਸਰੂਪ ਬਖਸ਼ਿਆ ਅਤੇ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਰੱਬ-ਰਜਾਏ, ਗੁਰ-ਦਰਸਾਏ, ਧੁਰ-ਧੁਰੰਦਰੀ, ਗੁਰ-ਗੱਦੀ ਦੇ ਸਦੀਵੀ ਮਾਲਕ ਹਨ । ਪਿਛਲੇ ਤਿੰਨ ਸੌ ਸਾਲਾਂ ਤੋਂ ਇਹੀ ਸਰੂਪ ਪਰਧਾਨ ਹਨ । ਵੀਹਵੀਂ ਸਦੀ ਦੇ ਕੁਝ ਕੁ ਜ਼ਿੰਮੇਵਾਰ ਸਿੱਖਾਂ ਦੀ ਮਤਿ ਉਤੇ ਹੀ ਪੋਚਾ ਫਿਰ ਗਿਆ ਜਾਪਦਾ ਹੈ, ਜਿਹਨਾਂ ਨੇ ਲੜੀਦਾਰ ਸਰੂਪ ਤੋਂ ਤਿਲਾਂਜਲੀ ਪ੍ਰਾਪਤ ਕਰ ਲਈ ਹੈ । ਇਸ ਤੋਂ ਨੱਕ ਮੂੰਹ ਵੱਟਦੇ ਹਨ । ਪਦ-ਛੇਦ ਸਰੂਪ ਦੇਖ ਕੇ ਫੁੱਲੇ ਨਹੀਂ ਸਮਾਉਂਦੇ ।

ਵਲੋਂ : ਸੁਕਐਡਰਨ ਲੀਡਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ
ਜਥੇਦਾਰ, ਅਖੰਡ ਕੀਰਤਨੀ ਜੱਥਾ

❊✧❊✧



www.AKJ.Org

# ਜੀਵਨ ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ

ਭਾਵੇਂ ਸਰੀਰਕ ਤੌਰ ਤੇ ਡਾਕਟਰ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਤੋਂ ਸੈਂਕੜੇ ਕੋਹਾਂ ਤੇ ਬੈਠੇ ਸਨ, ਪਰ ਮਾਨਸਿਕ ਤੌਰ ਤੇ ਉਨ੍ਹਾਂ ਦਾ ਅੰਦਰਲਾ ਅੱਠੇ ਪਹਿਰ ਭਾਈ ਸਾਹਿਬ ਦੇ ਸੰਗ ਸਾਥ ਦਾ ਅਨੰਦ ਮਾਣਦਾ ਰਹਿੰਦਾ । ਕੁਮਾਰ-ਹੱਟੀ ਦੀ ਪ੍ਰੇਮ-ਮਿਲਣੀ ਬੰਬੇ ਵਿਚਰਦੇ ਡਾਕਟਰ ਜੀ ਨੂੰ ਮੁੜ ਮੁੜ ਟੁੰਬਦੀ ਅਤੇ ਇਹੋ ਲੋਚਦੇ ਕਿ ਜਿਵੇਂ ਕਿਵੇਂ ਹੋਵੇ, ਭਾਈ ਸਾਹਿਬ ਦੀ ਸੇਵਾ ਵਿੱਚ ਹੀ ਜਾ ਕੇ ਟਿਕਿਆ ਜਾਵੇ । ਇਸ ਵੈਰਾਗੀ ਦਸ਼ਾ ਨੇ ਆਪ ਨੂੰ ਸਰਵਿਸ ਤੋਂ ਤਿਆਗ-ਪੱਤਰ ਦੇਣ ਲਈ ਮਜਬੂਰ ਕਰ ਦਿੱਤਾ । ਉਨ੍ਹਾਂ ਦੇ ਅੰਦਰ ਕਾਹਲੀਆਂ ਪੈਂਦੀਆਂ ਕਿ ਕਿਹੜਾ ਵੇਲਾ ਹੋਵੇ ਜੁ ਧੰਧ-ਬੰਧ ਤੋਂ ਵਿਰੱਕਤ ਹੋ ਕੇ ਭਾਈ ਸਾਹਿਬ ਜੀ ਦੀ ਵੱਡਮੁੱਲੀ ਸੰਗਤ ਦਾ ਅਨੰਦ ਮਾਣ ਸਕੀਏ ।

ਇਨ੍ਹਾਂ ਪ੍ਰੇਮ-ਕਾਂਗਾਂ ਦੀ ਖਿੱਚ ਨੇ ਲੁਧਿਆਣੇ ਵਿੱਚ ਰੰਗ-ਰਸ ਮਾਣ ਰਹੇ ਭਾਈ ਸਾਹਿਬ ਜੀ ਨੂੰ ਵੀ ਟੁੰਬਿਆ । ਡਾਕਟਰ ਜੀ ਦੀ ਸਾਰੀ ਵਾਇਰਲੈੱਸ ਉਹਨਾਂ ਦੇ ਪ੍ਰਤੱਖ ਹੋ ਗਈ । ਭਾਈ ਸਾਹਿਬ ਜੀ ਨੇ ਬੰਬੇ ਰਹਿ ਰਹੇ ਸਿੰਘਾਂ ਨੂੰ ਲਿਖਿਆ ਕਿ ਉਹ ਸੁਰਿੰਦਰ ਸਿੰਘ ਜੀ ਨੂੰ ਨੌਕਰੀ ਨਾ ਛੱਡਣ ਲਈ ਕਹਿਣ ਅਤੇ ਪਿਆਰ ਨਾਲ ਉਸ ਦਾ ਦਿਲ ਲਾਉਣ ਵਿੱਚ ਮਦਦ ਕਰਨ । ਪਰ ਇਧਰ ਬੈਰਾਗੀ ਨੂੰ ਕੌਣ ਹੋੜੇ ? ਸਿੰਘਾਂ ਦੇ ਸਮਝਾਂਦਿਆਂ ਬੁਝਾਂਦਿਆਂ ਵੀ ਡਾਕਟਰ ਜੀ ਨੇ ਆਪਣਾ ਅਸਤੀਫਾ ਦੇ ਦਿੱਤਾ ਅਤੇ ਕੁਝ ਦਿਨਾਂ ਬਾਅਦ ਹੀ ਪੰਜਾਬ ਨੂੰ ਚਾਲੇ ਪਾ ਦਿੱਤੇ ।

ਆਪ ਜੀ ਸਿੱਧੇ ਭਾਈ ਸਾਹਿਬ ਪਾਸ ਲੁਧਿਆਣੇ ਆਏ ਅਤੇ ਇਥੇ ਹੀ ਕੁਝ ਸਮਾਂ ਰੁਕੇ । ਇਥੇ ਰੁਕੇ ਕੀ, ਬੱਸ ਐਸੇ ਜੁੜੇ ਕਿ ਜੁੜ ਕੇ ਇਕ-ਮਿਕ ਹੋ ਗਏ । ਗੁਰਮਤਿ ਇਕ, ਆਸ਼ਾ ਇਕ, ਇਸ਼ਟ ਉਪਾਸ਼ਕ ਇਕ, ਇਕੋ ਹੀ ਮਾਰਗ ਦੇ ਪਾਂਧੀ, ਇਕੋ ਹੀ ਇਸ਼ਕ ਹਕੀਕੀ ਦੇ ਆਸ਼ਕ, ਕੈਸੇ ਇਕੱਠੇ ਹੋਏ, ਕੈਸੇ ਅਗੰਮੀ ਮੇਲ-ਮਿਲਾਉਣੀ ਵਿੱਚ ਮਿਲੇ ਕਿ ਬੱਸ ਫੇਰ ਮਿਲੇ ਹੀ ਰਹੇ। ਡਾਕਟਰ ਜੀ ਨੇ ਐਸੀ ਪੀਡੀ ਗੰਢ ਪਾਈ ਕਿ ਸਦਾ ਹੀ ਭਾਈ ਸਾਹਿਬ ਜੀ ਦੇ ਸੰਗ ਰਹਾਏ । ਇਸ ਤੋਂ ਬਾਦ ਜਿਤਨੇ ਵੀ ਸਤਸੰਗ ਸਮਾਗਮ ਜੁੜੇ, ਉਨ੍ਹਾਂ ਵਿੱਚ ਡਾਕਟਰ ਸਾਹਿਬ ਖਾਸ ਸਮਾਗਮੀਆਂ ਵਿੱਚੋਂ ਇਕ ਹੁੰਦੇ । ਜੁਬਾ ਅਵਸਥਾ, ਦਗ ਦਗ ਕਰਦਾ ਚਿਹਰ ਅਤੇ ਦਾੜ੍ਹਾ ਮਸਾਂ ਅਜੇ ਉਤਰ ਹੀ ਰਿਹਾ ਸੀ ਪਰ ਪ੍ਰੇਮ ਦਾ ਪਲੀਤਾ ਡਾਕਟਰ ਜੀ ਦੇ ਅੰਦਰ ਐਸਾ ਦੱਗਿਆ ਕਿ ਅੱਠੇ ਪਹਿਰ ਪ੍ਰੇਮ-ਕਾਂਗਾਂ ਵਿੱਚ ਅਰਸ਼ੀ ਵਾਯੂ-ਮੰਡਲ ਵਿੱਚ ਹੀ ਉਡਾਰੀਆਂ ਮਾਰਦੇ ਰਹਿੰਦੇ । ਸਮਾਗਮਾਂ ਅਤੇ ਭਾਈ ਸਾਹਿਬ ਜੀ ਦੀ ਸੰਗਤ ਦੀ ਰੰਗਤ ਵਿੱਚ ਰਹਿ ਕੇ ਘਰ ਜਾਣ ਦੀ, ਸੰਸਾਰੀ ਪ੍ਰਵਾਰ ਕੁਟੰਬ ਵਿੱਚ ਐਸਾ ਰੰਗ ਚੜ੍ਹਿਆ ਕਿ ਗੁਰੂ ਦਸਮੇਸ਼-ਦ੍ਰਿੜ੍ਹਾਈ ਰਹਿਤ-ਰਹਿਣੀ ਅਤੇ ਗੁਰਮਤਿ ਉਨ੍ਹਾਂ ਦੇ ਅੰਦਰ ਘਰ ਕਰ ਗਈ । ਉਨ੍ਹਾਂ ਨੇ ਜਲਦੀ ਹੀ ਸਰਬ ਲੋਹ ਸਹਿਤ ਸਭ ਗੁਰਮਤਿ-ਤੱਤ-ਅਸੂਲ ਗ੍ਰਹਿਣ ਕਰ ਲਏ । ਇਸ ਚੜ੍ਹਦੀ ਜਵਾਨੀ ਦੀ ਨਿੱਕੜੀ ਜਿਹੀ ਆਰਬਲਾ ਵਿੱਚ ਹੀ ਗੁਰਮਤਿ ਦੇ ਅਤਿ ਵਡੇਰੜੇ ਗੁਣ ਜਿਵੇਂ ਇਨ੍ਹਾਂ ਵਿੱਚ ਆ ਸਮਾਏ ਸਨ । ਇਨ੍ਹਾਂ ਸਤਿਸੰਗਾਂ 'ਚੁਂ ਹੀ ਆਪ ਗੁਰਮਤਿ-ਨਾਮ-ਅਭਿਆਸ ਦੇ ਡਾਢੇ ਧਨੀ ਹੋਏ । ਆਤਮ-ਕਣੀ ਤਾਂ ਇਨ੍ਹਾਂ ਦੀ ਨੰਨ੍ਹੀ ਜਿਹੀ ਜਿੰਦੜੀ ਦੇ ਰਗੋ-ਰੇਸ਼ੇ ਵਿੱਚ ਸਮਾ ਗਈ । ਸਾਰਾ ਦਿਨ ਲੰਗਰ ਦੀ ਸੇਵਾ ਕਰਨੀ, ਕਿਤੇ ਅਕਣਾ ਥਕਣਾ ਹੀ ਨਾ । ਕਿਸੇ ਨਾਲ ਕੋਈ ਗੱਲ ਨਹੀਂ, ਵਾਦ-ਵਿਵਾਦ ਨਹੀਂ ਅਤੇ ਨਾ ਹੀ ਕਿਸੇ ਨਾਲ ਕੋਈ ਵਾਸਤਾ ਸੀ । ਕੇਵਲ ਇਕੋ ਲਿਵ ਪ੍ਰਮਾਰਥਕ ਪ੍ਰੇਮ ਦੀ ਹਰਦਮ ਲੱਗੀ ਰਹਿੰਦੀ।

ਡਾਕਟਰ ਜੀ ਹੋਰਾਂ ਦੀ ਜ਼ਮੀਨ ਜਾਇਦਾਦ ਕਾਫ਼ੀ ਸੀ, ਪਰ ਆਪ ਜੀ ਆਪਣੇ ਨਿਜੀ ਗੁਜ਼ਾਰੇ ਲਈ ਨਿਰਬਾਹ ਮਾਤਰ



www.AKJ.Org

ਉਥੋਂ ਮਾਇਆ ਲਿਆ ਕਰਦੇ, ਬਾਕੀ ਲੋੜਵੰਦਾਂ ਵਿੱਚ ਦੇ ਛੱਡਦੇ, ਜਾਂ ਦਵਾਈਆਂ ਆਦਿ ਤੇ ਖਰਚ ਕਰ ਕੇ ਸਿੰਘਾਂ ਦੀ ਸੇਵਾ ਕਰਦੇ । ਆਪ ਜੀ ਭਾਈ ਸਾਹਿਬ ਜੀ ਪਾਸ ਟਿਕੇ ਹੋਏ ਹੀ ਸਨ ਕਿ ਕੁਰਾਲੀ ਜਾਣ ਦੀ ਬਿੱਧ ਬਣ ਗਈ ।

## ਕੁਰਾਲੀ ਵਿਖੇ ਕੀਰਤਨ ਸਿੱਖਣਾ

੧੯੫੩ ਈ: ਦੇ ਲਗ ਪਗ ਦੀ ਗੱਲ ਹੈ । ਇਹਨਾਂ ਦਿਨਾਂ ਵਿੱਚ ਭਾਈ ਅਮਰੀਕ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਕੁਰਾਲੀ ਆਪਣੇ ਪਿੰਡ ਠਹਿਰੇ ਹੋਏ ਸਨ । ਇਹਨਾਂ ਨੇ ਆਪਣੇ ਘਰ ਵਿੱਚ ਹੀ ਭੇਟਾ-ਰਹਿਤ ਕੀਰਤਨ-ਸਿਖਲਾਈ ਕੇਂਦਰ ਖੋਲ੍ਹਿਆ ਹੋਇਆ ਸੀ । ੧੦-੧੫ ਬੱਚੇ ਬੱਚੀਆਂ ਇਹਨਾਂ ਪਾਸ ਕੀਰਤਨ ਸਿਖਿਆ ਕਰਦੇ ਸਨ ।

ਕੁਰਾਲੀ ਵਿਖੇ ਡਾਕਟਰ ਜੀ ਦੀ ਰਿਸ਼ਤੇਦਾਰੀ 'ਚੋਂ ਭੈਣ ਰਿਹਾ ਕਰਦੀ ਸੀ ਅਤੇ ਉਸਦਾ ਡਾਕਟਰ ਜੀ ਨਾਲ ਡੂੰਘਾ ਪਿਆਰ ਸੀ । ਡਾਕਟਰ ਜੀ ਪਾਸੋਂ ਕਈ ਵੇਰਾਂ ਸੁਣਨ ਵਿੱਚ ਆਉਂਦਾ ਸੀ ਕਿ ਜੀਵਨ ਭਰ ਜਦੋਂ ਕਦੀ ਵੀ ਦੁਨਿਆਵੀ ਰੌਲੇ-ਗੌਲੇ ਤੋਂ ਉਦਾਸ ਹੋ ਜਾਣ ਤਾਂ ਉਹ ਕੁਰਾਲੀ ਆਪਣੀ ਭੈਣ ਪਾਸ ਚਲੇ ਜਾਂਦੇ ਸਨ । ਕਿਹਾ ਕਰਦੇ ਸਨ ਕਿ ਜਦ ਵੀ ਮੈਂ ਆਪਣੀ ਭੈਣ ਪਾਸ ਜਾਂਦਾ ਹਾਂ ਤਾਂ ਉਹਨਾਂ ਦੇ ਪਿਆਰ ਸਦਕਾ ਮੈਨੂੰ ਸਾਰੇ ਸੰਸਾਰੀ ਦੁਖ ਭੁੱਲ ਜਾਂਦੇ । ਇਹਨਾਂ ਦੀ ਭੈਣ ਦੇ ਸਿੰਘ ਸਾਹਿਬ ਸ: ਗੁਰਇਕਬਾਲ ਸਿੰਘ ਤੇ ਉਹਨਾਂ ਦੇ ਵੱਡੇ ਵੀਰ ਸ: ਗੁਰਦਿਆਲ ਸਿੰਘ ਪਾਸ ਜ਼ਮੀਨ ਜਾਇਦਾਦ ਦਾ ਕੋਈ ਤੋਟਾ ਨਹੀਂ ਸੀ। ਵਾਹਿਗੁਰੂ ਪਿਤਾ ਦੀ ਦਿੱਤੀ ਮਾਇਆ ਦੇ ਨਾਲ ਨਾਲ ਉਦਾਰ-ਚਿੱਤ ਹੋਣ ਕਰਕੇ ਪੂਰੇ ਇਲਾਕੇ ਵਿੱਚ ਬੜੇ ਸਤਿਕਾਰੇ ਜਾਂਦੇ ਸਨ। ਜਦੋਂ ਕਿਤੇ ਗੁਰਸਿੱਖ ਸੰਗਤਾਂ ਨੇ ਕੁਰਾਲੀ ਠਹਿਰਨਾ ਹੁੰਦਾ ਤਾਂ ਸਾਰਾ ਪ੍ਰਬੰਧ ਇਨ੍ਹਾਂ ਦੇ ਖਰਚੇ ਤੇ ਹੁੰਦਾ । ਹਰ ਦੁਖੀਏ ਤੇ ਲੋੜਵੰਦ ਲਈ ਇੰਨ੍ਹਾਂ ਦੇ ਦਰ ਖੁਲ੍ਹੇ ਰਹਿੰਦੇ । ਇਕ ਵੱਡੀ ਸਾਰੀ ਸਰਾਂ, ਨਾਲ ਲਗਦਾ ਲੰਗਰ ਹੁਣ ਵੀ ਉਸੇ ਤਰ੍ਹਾਂ ਹੀ ਚਲਦਾ ਹੀ ਰਹਿੰਦਾ ਹੈ । ਏਨਾ ਕੁਝ ਕਰਦਿਆਂ ਵੀ ਇਹਨਾਂ ਵੀਰਾਂ ਦੇ ਮਨਾਂ ਵਿੱਚ ਇਹ ਹਉਮੈ-ਅਹੰਕਾਰ ਕਦੇ ਨਹੀਂ ਆਇਆ ਕਿ ਅਸੀਂ ਇਤਨੀ ਵੱਡੀ ਸੇਵਾ ਕਰ ਰਹੇ ਹਾਂ ।

ਇਹੋ ਜਿਹੇ ਸੁਖਾਵੇਂ, ਹਉਮੈ-ਰਹਿਤ ਮਾਹੌਲ ਵਿਚ ਜਦੋਂ ਪਹਿਲੀ ਵਾਰ ਡਾਕਟਰ ਸਾਹਿਬ ਪੁਜੇ ਤਾਂ ਉਥੇ ਕੁਝ ਸਮਾਂ ਠਹਿਰਨ ਲਈ ਜੀਅ ਚਾਹਿਆ । ਅਜੇ ਕੁਝ ਦਿਨ ਹੀ ਹੋਏ ਸਨ ਕਿ ਇਕ ਦਿਨ ਕੁਦਰਤੀ ਬਣੀ ਬਿਧ ਅਨੁਸਾਰ ਭਾਈ ਅਮਰੀਕ ਸਿੰਘ ਜੀ ਉਸ ਗ੍ਰਹਿ ਵਿਖੇ ਆ ਪੁੱਜੇ । ਸ: ਗੁਰਇਕਬਾਲ ਸਿੰਘ, ਭਾਈ ਅਮਰੀਕ ਸਿੰਘ ਜੀ ਨਾਲ ਬਹੁਤ ਪਿਆਰ ਕਰਦੇ ਸਨ, ਕਿਉਂਕਿ ਇਕ ਤਾਂ ਭਾਈ ਸਾਹਿਬ ਬਚਪਨ ਤੋਂ ਹੀ ਨੇਤ੍ਰਹੀਣ ਸਨ ਅਤੇ ਦੂਜੇ ਇਕ ਉਚ-ਕੋਟੀ ਦੇ ਗੰਧਰਬ ਰਾਗੀ ਸਨ । ਭਾਈ ਅਮਰੀਕ ਸਿੰਘ ਜੀ ਦੇ ਬਚਪਨ ਦਾ ਹਰ ਮੋੜ ਵੀ ਇਸੇ ਪਰਵਾਰ ਦੀ ਹੀ ਬਖਸ਼ਿਸ਼ ਸੀ । ਜਦੋਂ ਭਾਈ ਅਮਰੀਕ ਸਿੰਘ ਜੀ ਘਰੋਂ ਹੋ ਕੇ ਚਲੇ ਗਏ ਤਾਂ ਡਾਕਟਰ ਜੀ ਨੇ ਆਪਣੀ ਭੈਣ ਜੀ ਨੂੰ ਪੁਛਿਆ ਕਿ ਇਹ ਕੌਣ ਹਨ ਅਤੇ ਇਥੇ ਕੀ ਕਰਦੇ ਹਨ ? ਭੈਣ ਜੀ ਦੇ ਇਹ ਦੱਸਣ ਤੇ ਕਿ ਇਹ ਇਥੇ ਕੀਰਤਨ ਸਿਖਾਂਦੇ ਹਨ ਤਾਂ ਡਾਕਟਰ ਜੀ ਨੇ ਆਪਣੀ ਭੈਣ ਜੀ ਨੂੰ ਕਿਹਾ ਕਿ ਕੀ ਇਹ ਮੈਨੂੰ ਵੀ ਕੀਰਤਨ ਸਿਖਾ ਦੇਣਗੇ ? "ਕਿਉਂ ਨਹੀਂ, ਇਹ ਤਾਂ ਸਾਡੇ ਘਰ ਦੇ ਬੱਚਿਆਂ ਦੀ ਤਰ੍ਹਾਂ ਹਨ । ਤੁਹਾਨੂੰ ਕੀਰਤਨ ਕਿਉਂ ਨਹੀਂ ਸਿਖਾਣਗੇ ?" ਭੈਣ ਜੀ ਨੇ ਕਿਹਾ ।

ਅਉਸਰ ਆਏ ਬਣੇ । ਦੂਜੀ ਸਵੇਰ ਤੋਂ ਹੀ ਡਾਕਟਰ ਜੀ ਕੀਰਤਨ ਸਿਖਣਹਾਰਿਆਂ ਦੀ ਕਤਾਰ ਵਿੱਚ ਦਿਖਾਈ ਦੇ ਰਹੇ ਸਨ । ਆਪ ਜੀ ਛੇਤੀ ਹੀ ਸਰਗਮਾਂ ਸਿੱਖ ਕੇ ਉਨ੍ਹਾਂ ਵਿੱਚ ਮਾਹਿਰ ਹੋ ਗਏ । ਭਾਈ ਅਮਰੀਕ ਸਿੰਘ ਜੀ ਆਪਣੀ ਜ਼ਬਾਨੀ ਦੱਸਦੇ ਹਨ ਕਿ ਜਦੋਂ ਡਾਕਟਰ ਜੀ ਉਹਨਾਂ ਪਾਸ ਪੁੱਜੇ ਤਾਂ ਉਨ੍ਹਾਂ ਦੀ ਨਿਰਮਲ ਤੇ ਉਚੀ ਆਤਮਾ ਦਾ ਬੜਾ ਡੂੰਘਾ ਪ੍ਰਭਾਵ ਉਹਨਾਂ ਦੇ ਮਨ ਤੇ ਪਿਆ । ਕੀਰਤਨ ਸਿਖਾਣ ਦੇ ਦੌਰਾਨ ਇਕ ਦਿਨ ਭਾਈ ਸਾਹਿਬ ਨੇ ਸਿਖਿਆਰਥੀਆਂ ਨੂੰ ਇਕ ਸ਼ਬਦ ਦੀ ਖੋਜ



www.AKJ.Org

ਕਰਕੇ ਲਿਆਉਣ ਲਈ ਕਿਹਾ । ਡਾਕਟਰ ਜੀ ਨੇ ਸਹਿਜੇ ਹੀ ਸ਼ਬਦ ਲੱਭ ਕੇ ਲਿਆਉਣ ਦੀ ਪ੍ਰਵਾਨਗੀ ਦੇ ਦਿੱਤੀ । ਦੂਜੇ ਦਿਨ ਡਾਕਟਰ ਜੀ ਨੇ ਉਹ ਸ਼ਬਦ ਲੱਭ ਲਿਆਂਦਾ । ਨਾਲ ਹੀ ਅੰਮ੍ਰਿਤ-ਕੀਰਤਨ ਪੋਥੀ ਦੀ ਪਹਿਲੀ ਐਡੀਸ਼ਨ ਭਾਈ ਸਾਹਿਬ ਦੀ ਭੇਟਾ ਕਰ ਦਿੱਤੀ ਅਤੇ ਕਿਹਾ ਕਿ ਆਪ ਜੀ ਨੂੰ ਸ਼ਬਦ ਕੰਠ ਕਰਨ ਵਿੱਚ ਬਹੁਤ ਖੇਚਲ ਹੁੰਦੀ ਹੋਵੇਗੀ, ਇਸ ਲਈ ਇਹ ਤੁਸੀਂ ਆਪਣੇ ਪਾਸ ਹੀ ਰੱਖੋ । ਇਹ ਅੰਮ੍ਰਿਤ ਕੀਰਤਨ ਪੋਥੀ, ਡਾਕਟਰ ਜੀ ਦੀ ਭੇਟਾ, ਅਜੇ ਤੱਕ ਭਾਈ ਅਮਰੀਕ ਸਿੰਘ ਜੀ ਪਾਸ ਹੀਰੇ-ਵੱਤ ਸੰਭਾਲ ਕੇ ਰੱਖੀ ਹੋਈ ਹੈ । ਜਦੋਂ ਕਦੇ ਵੀ ਕਿਸੇ ਪ੍ਰੇਮੀ ਨੇ ਇਸ ਪੋਥੀ ਦੀ ਭਾਈ ਸਾਹਿਬ ਪਾਸੋਂ ਮੰਗ ਕਰਨੀ ਤਾਂ ਆਪ ਜੀ ਨੇ ਇਹ ਕਹਿ ਕੇ ਟਾਲ ਦੇਣਾ ਕਿ ਇਹ ਤਾਂ ਮੇਰੇ ਪਾਸ ਇਕ ਮਹਾਂਪੁਰਸ਼ ਦੀ ਨਿਸ਼ਾਨੀ ਵਜੋਂ ਹੈ । ਭਾਈ ਅਮਰੀਕ ਸਿੰਘ ਜੀ ਉਪਰੋਕਤ ਵਾਰਤਾ ਸੁਣਾਉਂਦਿਆਂ ਡਾਢੇ ਵੈਰਾਗ ਵਿੱਚ ਆ ਗਏ । ਉਹ ਕਹਿੰਦੇ ਹਨ ਕਿ ਮੇਰੇ ਧੰਨ ਭਾਗ ਹਨ ਜੁ ਮੈਨੂੰ ਇਹੋ ਜਿਹੇ ਮਹਾਂਪੁਰਸ਼ਾਂ ਨੂੰ ਕੀਰਤਨ ਸਿਖਾਉਣ ਦਾ ਸੁਭਾਗ ਮਿਲਿਆ ।

ਸੁਰਗਮਾਂ ਸਿੱਖਣ ਤੋਂ ਬਾਅਦ ਡਾਕਟਰ ਜੀ ਨੇ ਪਹਿਲਾ ਸ਼ਬਦ ਜੋ ਸਿਖਿਆ ਉਹ ਸੀ --

"ਦਰਸਨੁ ਦੇਖਿ ਜੀਵਾ ਗੁਰ ਤੇਰਾ" (ਪੰਨਾ ੭੪੨)

ਫਿਰ-- "ਚਰਨ ਕਮਲ ਕੀ ਆਸ ਪਿਆਰੇ" (ਪੰਨਾ ੩੮੯)

"ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ" (ਪੰਨਾ ੭੭੯)

ਅਦਿ ਸ਼ਬਦ ਸਿਖਣ ਦਾ ਸੁਭਾਗ ਬਣਿਆ ।

ਭਾਈ ਅਮਰੀਕ ਸਿੰਘ ਜੀ ਦੱਸਦੇ ਹਨ ਕਿ ਉਹਨਾਂ ਦੀਆਂ ਕੁਝ ਪਵਿੱਤਰ ਯਾਦਾਂ ਮੇਰੇ ਹਿਰਦੇ ਤੇ ਉਕਰੀਆਂ ਹੋਈਆਂ ਹਨ। ਜਿਵੇਂ, ਡਾਕਟਰ ਜੀ ਬਹੁਤ ਘੱਟ ਅਤੇ ਹੌਲੀ ਬੋਲਿਆ ਕਰਦੇ ਸਨ । ਇਕ ਦਿਨ ਸ਼ਬਦ ਸਿਖਾਂਦਿਆਂ ਦਾਸ ਨੇ ਬੇਨਤੀ ਕੀਤੀ , "ਗੁਰੂ ਕੇ ਲਾਲ ਜੀ, ਜ਼ਰਾ ਉਚੀ ਆਵਾਜ਼ ਵਿੱਚ ਸ਼ਬਦ ਦਾ ਉਚਾਰਨ ਕਰਿਆ ਕਰੋ" ।ਤਾਂ ਕਹਿਣ ਲੱਗੇ, "ਭਾਈ ਸਾਹਿਬ ਮੈਂ ਕਿਹੜਾ ਕੀਰਤਨ ਕਿਸੇ ਨੂੰ ਸੁਨਾਣਾ ਹੈ । ਮੈਂ ਤਾਂ ਸਿਰਫ਼ ਆਪਣੇ ਆਪ ਨੂੰ ਸੁਨਾਉਣ ਲਈ ਕੀਰਤਨ ਸਿੱਖਦਾ ਹਾਂ।" ਭਾਈ ਸਾਹਿਬ ਦੱਸਦੇ ਹਨ ਕਿ "ਐਡਾ ਰਹੱਸਮਈ ਜਵਾਬ ਸੁਣ ਕੇ ਮੈਨੂੰ ਇਕ ਝੁਣਝੁਣੀ ਜਿਹੀ ਆਈ ਕਿ ਕਮਾਲ ਹੈ! ਕਿੱਡੀ ਉਚੀ ਆਤਮਾ ਹੈ ਇਹਨਾਂ ਦੀ ।"

ਇਕ ਹੋਰ ਘਟਨਾ ਡਾਕਟਰ ਜੀ ਦੀ ਇਸੇ ਭੈਣ ਦੇ ਲੜਕੇ ਗੁਰਜਸਪਾਲ ਸਿੰਘ ਜੀ ਨੇ ਸੁਣਾਈ, "ਜਦੋਂ ਡਾਕਟਰ ਜੀ ਕੁਰਾਲੀ ਰਹਿੰਦੇ ਸਨ ਤਾਂ ਇਥੋਂ ਤੁਰ ਕੇ ਹੀ ਚਮਕੌਰ ਸਾਹਿਬ ਅਤੇ ਭੱਠਾ ਸਾਹਿਬ ਗੁਰਦੁਆਰੇ ਜਾਇਆ ਕਰਦੇ ਸਨ । ਮੈਂ ਕਹਿਣਾ ਮਾਮਾ ਜੀ, ਹੁਣ ਤਾਂ ਪੁਰਾਤਨ ਸਮਾਂ ਨਹੀਂ, ਬੱਸਾਂ ਦੀ ਆਵਾਜਾਈ ਆਮ ਹੈ, ਤੁਸੀਂ ਬੱਸਾਂ ਤੇ ਕਿਉਂ ਨਹੀਂ ਜਾਂਦੇ ? ਤਾਂ ਕਹਿਣਾ, "ਗੁਰੂ ਦੀ ਸ਼ਰਨ 'ਚ ਪੈਰੀਂ ਤੁਰ ਕੇ ਹੀ ਜਾਣਾ ਬਣਦਾ ਹੈ । ਇਉਂ ਹੀ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ ਅਤੇ ਹਾਜ਼ਰੀ ਪ੍ਰਵਾਨ ਪੈਂਦੀ ਹੈ ।" ਕੁਝ ਦੇਰ ਕੁਰਾਲੀ ਰਹਿ ਕੇ ਆਪ ਜੀ ਫਿਰ ਲੁਧਿਆਣੇ ਭਾਈ ਰਣਧੀਰ ਸਿੰਘ ਜੀ ਪਾਸ ਆ ਗਏ ।

ਡਾਕਟਰ ਜੀ ਪੁਰਾਤਨ ਗੁਰਮੁਖਾਂ ਵਾਲੇ ਸਹਿਜ-ਕੀਰਤਨ ਨੂੰ ਬਹੁਤ ਪਸੰਦ ਕਰਦੇ ਸਨ । ਇਹੋ ਕਾਰਨ ਸੀ ਕਿ ਆਪ ਜੀ ਕਈ ਵੇਰਾ ਕਿਹਾ ਕਰਦੇ ਸਨ ਕਿ ਜੇ ਕੀਰਤਨ ਦਾ ਰਸ ਮਾਨਣਾ ਹੈ ਤਾਂ ਭਾਈ ਅਮਰੀਕ ਸਿੰਘ ਜੀ ਹਜ਼ੂਰੀ ਰਾਗੀ ਦਾ ਕੀਰਤਨ ਸੁਣਿਆ ਕਰੋ । ਆਪ ਜੀ ਇਹਨਾਂ ਦੇ ਕੀਰਤਨ ਦੇ ਤਾਂ ਭੌਰੇ ਹੀ ਸਨ । ਜਦੋਂ ਵੀ ਸ੍ਰੀ ਅੰਮ੍ਰਿਤਸਰ ਆਉਣਾ ਤਾਂ ਭਾਈ ਅਮਰੀਕ ਸਿੰਘ ਜੀ ਨੂੰ ਜ਼ਰੂਰ ਹੀ ਮਿਲਣਾ । ਡਾਕਟਰ ਜੀ ਨੇ ਇਕ ਹਰਮੋਨੀਅਮ ਵੀ ਭਾਈ ਸਾਹਿਬ ਦੀ ਭੇਟ ਕੀਤਾ ਹੋਇਆ ਹੈ ਕਿ ਜਿਸਨੂੰ ਤੁਸੀਂ ਕੀਰਤਨ ਸਿਖਾਉ, ਏਸੇ ਤੇ ਹੀ ਸਿਖਾਣਾ । ਅੱਜ ਵੀ ਇਹ ਯਾਦ ਵਾਜੇ ਦੀ ਸ਼ਕਲ ਵਿੱਚ ਭਾਈ ਅਮਰੀਕ ਸਿੰਘ ਜੀ ਦੇ ਕਮਰੇ ਵਿੱਚ ਸੁਭਾਇਮਾਨ ਹੈ । ਆਪ ਦੱਸਦੇ ਹਨ ਕਿ ਮੈਂ ਜਦ ਵੀ ਕਿਸੇ ਨੂੰ ਕੋਈ ਸ਼ਬਦ ਸਿਖਾਉਂਦਾ ਹਾਂ ਤਾਂ ਮੈਨੂੰ ਡਾਕਟਰ ਸਾਹਿਬ ਦੀ ਯਾਦ ਮੁੜ ਤੋਂ ਤਾਜ਼ਾ ਹੋ ਜਾਂਦੀ ਹੈ ।

✦✧✦



www.AKJ.Org

# ਘਰੇਲੂ ਸਿੱਖ ਇਸਤਰੀ ਦਾ ਸਿੱਖੀ ਪ੍ਰਚਾਰ ਵੱਲ ਯੋਗਦਾਨ

ਵਲੋਂ : ਬੀਬੀ ਕਿਰਨਜੋਤ ਕੌਰ (ਐਮ.ਐਸ.ਸੀ. ਆਨਰਜ਼)
(ਜਨ: ਸਕ: ਸ਼੍ਰੋ. ਗੁ: ਪ੍ਰ. ਕਮੇਟੀ , ਸ੍ਰੀ ਅੰਮ੍ਰਿਤਸਰ)

ਨੋਟ : ਇਹ ਪੇਪਰ ਬੀਬੀ ਕਿਰਨਜੋਤ ਕੌਰ ਐਮ. ਐਸ. ਸੀ. (ਆਨਰਜ਼) ਸਪੁੱਤਰੀ ਸ਼ਹੀਦ ਡਾ: ਰਾਜਿੰਦਰ ਕੌਰ ਜੀ ਵਲੋਂ ਵਿਸ਼ਵ ਸਿੱਖ ਸੰਮੇਲਨ ਦੇ 'ਸਿੱਖ ਇਸਤਰੀਆਂ ਸਬੰਧੀ ਵਿਚਾਰ ਗੋਸ਼ਟੀ ਵਿੱਚ ੨੨ ਸਤੰਬਰ ੯੫ ਨੂੰ ਗੁਰੂ ਨਾਨਕ ਭਵਨ ਵਿੱਚ ਪੜ੍ਹਿਆ ਗਿਆ ਅਤੇ ਜੈਕਾਰਿਆਂ ਨਾਲ ਸੰਗਤਾਂ ਵਲੋਂ ਸਵਾਗਤ ਕੀਤਾ ਗਿਆ ।.......ਐਡੀਟਰ)

ਸਿੱਖ ਧਰਮ ਵਿੱਚ ਧਾਰਮਿਕ ਜੀਵਨ ਦੀ ਸ਼ੁਰੂਆਤ ਅਤੇ ਆਧਾਰ ਗ੍ਰਹਿਸਤੀ ਤੋਂ ਹੈ ਜਿਥੇ ਦੂਜੇ ਧਰਮਾਂ ਵਿੱਚ ਇਸਤਰੀ ਨੂੰ "ਪਾਪ ਦਾ ਮੁੱਢ" ਅਤੇ ਪਸ਼ੂਆਂ ਤੋਂ ਵੀ ਨੀਚ ਦਾ ਦਰਜਾ ਦਿੱਤਾ ਗਿਆ ਹੈ, ਉਥੇ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ, "**ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ ॥**" ਇਸਤਰੀ ਸਿਰਫ ਇਕ ਜਨਨੀ ਹੀ ਨਹੀਂ, ਮਰਦ ਦੇ ਮੋਢੇ ਨਾਲ ਮੋਢਾ ਡਾਹ ਕੇ ਧਾਰਮਿਕ ਜੀਵਨ ਵਿੱਚ ਉਸ ਦੀ ਸਾਥੀ ਹੈ । ਸਿੱਖਾਂ ਵਿੱਚ ਮਰਦ ਅਤੇ ਇਸਤਰੀ ਦਾ ਬਰਾਬਰ ਦਾ ਦਰਜਾ ਹੈ ।

ਪਰ ਅੱਜ ਦੇ ਸਮਾਜ ਵਿੱਚ ਕੀ ਹੋ ਰਿਹਾ ਹੈ ? ਜਨਨੀ ਦਾ ਰੋਲ ਸਿਰਫ ਔਲਾਦ ਜਨਨ ਤੱਕ ਹੀ ਰਹਿ ਗਿਆ ਹੈ । ਪਤੀ ਨੇ ਜਦੋਂ ਚਾਹਿਆ ਦੁਰਕਾਰ ਦਿੱਤਾ, ਜਦੋਂ ਦਿਲ ਕੀਤਾ ਘਰੋਂ ਕੱਢ ਦਿੱਤਾ । ਰੋਜ਼ ਅਖ਼ਬਾਰਾਂ ਵਿੱਚ ਪੜ੍ਹੀਦਾ ਹੈ ਕਦੀ ਕੋਈ ਅਤੇ ਕਦੀ ਕੋਈ ਇਸਤਰੀ ਦਾਜ ਦੀ ਭੇਟ ਚੜ੍ਹ ਗਈ ਹੈ । ਇਹ ਸਭ ਕੁਝ ਸਾਡੇ ਨਾਲ ਕਿਉਂ ਹੋ ਰਿਹਾ ਹੈ ? ਕਿਉਂਕਿ ਸਿੱਖ ਬੀਬੀਆਂ ਹਿੰਦੂ ਸਮਾਜ ਦੇ ਅਸਰ ਹੇਠ ਇਹ ਵਿਹਾਰ ਕਬੂਲ ਕਰਦੀਆਂ ਜਾ ਰਹੀਆਂ ਹਨ । ਗੁਰੂ ਸਾਹਿਬ ਨੇ ਸਾਨੂੰ ਜੋ ਦਰਜਾ ਦਿੱਤਾ ਹੈ, ਉਹ ਛੱਡ ਕੇ ਅਸੀਂ ਉਨ੍ਹਾਂ ਰੀਤੀ-ਰਿਵਾਜਾਂ ਵਿੱਚ ਪੈ ਗਏ ਹਾਂ, ਜੋ ਬਣੇ ਹੀ ਮਰਦ ਨੂੰ ਪੱਠੇ ਪਾਉਣ ਅਤੇ ਇਸਤਰੀ ਨੂੰ ਛੋਟੇਪਨ ਦਾ ਅਹਿਸਾਸ ਕਰਾਉਣ ਲਈ ਸਨ । ਜਦ ਮੰਨੂੰ ਨੇ ਮਰਦ ਦੀਆਂ ਚਾਰ ਜ਼ਾਤਾਂ ਬਣਾਈਆਂ - ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ ਤਾਂ ਉਸ ਨੇ ਇਸਤਰੀ ਦੀ ਕੋਈ ਪਛਾਣ ਬਨਾਉਣ ਦੀ ਜ਼ਰੂਰਤ ਹੀ ਨਹੀਂ ਸਮਝੀ । ਇਸਤਰੀ ਆਪਣੇ ਪਿਤਾ ਅਤੇ ਫਿਰ ਪਤੀ ਦੀ ਜ਼ਾਤ ਨਾਲ ਪਛਾਣੀ ਜਾਂਦੀ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਮਰਦ ਨੂੰ 'ਸਿੰਘ' ਅਤੇ ਇਸਤਰੀ ਨੂੰ 'ਕੌਰ' ਬਣਾਇਆ । ਗੁਰੂ ਸਾਹਿਬਾਨ ਨੇ ਇਸਤਰੀ ਨੂੰ ਆਪਣੀ ਵੱਖਰੀ ਪਛਾਣ ਦਿੱਤੀ ।

ਪਰ ਅਸੀਂ ਮਾਡਰਨ ਬਣਨ ਲਈ ਆਪਣੇ ਨਾਂ ਨਾਲ ਕੌਰ ਉਠਾ ਕੇ ਪਹਿਲਾਂ ਪਿਤਾ ਦੀ ਤੇ ਫਿਰ ਪਤੀ ਦੀ ਜ਼ਾਤ ਲਾ ਲਈ । ਸਿੱਖ ਬੀਬੀ ਦੀ ਪਹਿਚਾਣ ਉਸ ਦੇ ਆਪਣੇ ਨਾਂਅ "ਕੌਰ" ਤੋਂ ਹੁੰਦੀ ਹੈ । ਆਪਣੀ ਪਹਿਚਾਣ ਲਈ ਉਹ ਪਿਤਾ ਜਾਂ ਪਤੀ ਦੀ ਜ਼ਾਤ ਦੀ ਮੁਥਾਜ ਨਹੀਂ । ਆਪਣਾ ਇਹ ਹੱਕ ਵਰਤੋ, ਆਪਣੇ ਆਪ ਨੂੰ ਪਹਿਚਾਣ ਕੇ ਆਪਣੀ ਅਣਖ ਬਹਾਲ ਕਰੋ । ਇਹ ਕੰਮ ਅਸੀਂ ਆਪ ਹੀ ਕਰਨਾ ਹੈ । ਕਿਸੇ ਦੂਜੇ ਨੇ ਸਾਡੀ ਅਣਖ ਬਹਾਲ ਨਹੀਂ ਕਰਨੀ ।

ਹਿੰਦੂਆਂ ਦੀ ਦੇਖਾ-ਦੇਖੀ ਅਸੀਂ ਕਰਵਾ ਚੌਥ ਦੇ ਵਰਤ ਅਤੇ ਰੱਖੜੀ ਵਰਗੇ ਤਿਉਹਾਰਾਂ ਨਾਲ ਮਰਦ ਦੀ ਹਉਮੈ ਨੂੰ ਪੱਠੇ ਪਾਉਂਦੇ ਹਾਂ । ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ, "**ਅੰਨ ਛੋਡਿ ਜੋ ਕਰੈ ਪਖੰਡ ਨਾ ਉਹ ਸੁਹਾਗਣ ਨਾ ਉਹ ਰੰਡ**" । ਕੀ ਇਸ ਤੋਂ ਸਪੱਸ਼ਟ ਨਹੀਂ ਹੋ ਜਾਂਦਾ ਕਿ ਸਾਡੇ ਲਈ ਵਰਤ ਵਿਵਰਜਿਤ ਹਨ ? ਮਨੋਵਿਗਿਅਨਿਕ ਪੱਖੋਂ ਵੀ ਜੇ ਦੇਖੀਏ ਤਾਂ ਇਹ ਵਰਤ ਔਰਤ-ਮਰਦ ਦੇ ਰੁਤਬੇ ਦਾ ਫਰਕ ਦਿਖਾਂਦੇ ਹਨ । ਇਸਤਰੀ ਆਪਣੇ ਪਤੀ ਦੀ ਲੰਬੀ ਉਮਰ ਵਾਸਤੇ ਅਰਦਾਸ ਕਰੇ, ਇਸ ਵਿੱਚ ਕੋਈ ਬੁਰਾਈ ਨਹੀਂ ਪਰ ਜੇ ਕੋਈ ਪਾਖੰਡ ਹੀ ਕਰਨਾ ਹੈ ਤਾਂ ਮਰਦ ਇਸ ਵਿੱਚ ਕਿਉਂ ਨਾ ਸ਼ਾਮਿਲ ਹੋਵੇ ? ਇਸਤਰੀ ਮਰਦ ਨੂੰ ਸੰਤਾਨ ਦਾ ਸੁੱਖ ਦਿੰਦੀ ਹੈ । ਉਸ ਦਾ ਘਰ-ਬਾਹਰ ਸਾਂਭਦੀ ਅਤੇ ਗ੍ਰਹਿਸਤ ਦਾ ਸੁੱਖ ਦਿੰਦੀ ਹੈ । ਫਿਰ ਮਰਦ ਵੀ



www.AKJ.Org

ਇਸਤਰੀ ਦੀ ਲੰਬੀ ਉਮਰ ਲਈ ਵਰਤ ਕਿਉਂ ਨਾ ਰੱਖੇ ?

ਮਰਦਾਂ ਦੀ ਜੇ ਇਕ ਪਾਸੇ ਪਤੀ ਦੇ ਰੂਪ ਵਿੱਚ ਪੂਜਾ ਹੁੰਦੀ ਹੈ ਤਾਂ ਦੂਜੇ ਪਾਸੇ ਭਰਾ ਦੇ ਰੂਪ ਵਿੱਚ ਪੂਜਾ ਹੁੰਦੀ ਹੈ । ਭੈਣਾਂ ਆਪਣੀ ਰੱਖਿਆ ਲਈ ਭਰਾਵਾਂ ਤੋਂ ਵਾਅਦਾ ਲੈਂਦੀਆਂ ਹਨ । ਇਹ ਮਾਨਸਿਕ ਕਮਜ਼ੋਰੀ ਕਿਉਂ ? ਗੁਰੂ ਸਾਹਿਬ ਨੇ ਸਿੰਘ ਸਾਜੇ ਸੀ ਮਜ਼ਲੂਮਾਂ ਦੀ ਰੱਖਿਆ ਲਈ । ਇਸਤਰੀਆਂ, ਸਿੰਘਣੀਆਂ ਦੀ ਥਾਂ ਮਜ਼ਲੂਮਾਂ ਦੀ ਕਤਾਰ ਵਿੱਚ ਕਿਉਂ ਖੜੀਆਂ ਹੋ ਗਈਆਂ? ਉਹ ਕਿਉਂ ਰੱਖਿਆ ਮੰਗਦੀਆਂ ਹਨ ? ਐਸੇ ਤਿਉਹਾਰ ਜੋ ਸਿੱਖੀ ਸਿਧਾਂਤ ਦੇ ਅਨੁਕੂਲ ਨਹੀਂ, ਉਹ ਸਿੱਖਾਂ ਵਿੱਚ ਕਮਜ਼ੋਰੀ ਤੋਂ ਸਿਵਾ ਕੁਝ ਨਹੀਂ ਲਿਆ ਸਕਦੇ ।

ਸਾਨੂੰ ਸਭ ਨੂੰ ਪਤਾ ਹੈ ਕਿ ਸਿੱਖਾਂ ਦੇ ਪਤਨ ਦਾ ਕਾਰਣ ਸਿੱਖੀ ਪ੍ਰਚਾਰ ਦੀ ਘਾਟ ਹੈ । ਸ਼ਰੋਮਣੀ ਕਮੇਟੀ ਦਾ ਇਕ ਬਹੁਤ ਹੀ ਅਹਿਮ ਕੰਮ ਸਿੱਖੀ ਪਰਚਾਰ ਹੈ ਪਰ ਪ੍ਰਚਾਰ ਦਾ ਕੀ ਹਾਲ ਹੈ ਕਿਸੇ ਤੋਂ ਲੁਕਿਆ-ਛਿਪਿਆ ਨਹੀਂ । ਸਿੱਖ ਮੱਤ ਮੂਰਤੀ ਪੂਜਾ ਦੇ ਵਿਰੁੱਧ ਹੈ ਪਰ ਸਿੱਖਾਂ ਦੀ ਨੁਮਾਇੰਦਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੁਝ ਕਲਾਕਾਰਾਂ ਵਲੋਂ ਬਣਾਈਆਂ ਸਿੱਖ ਗੁਰੂਆਂ ਦੀਆਂ ਅਖਾਉਤੀ ਪੇਂਟਿੰਗਜ਼ (ਤਸਵੀਰਾਂ) ਨੂੰ ਮਾਨਤਾ ਦਿੱਤੀ ਹੋਈ ਹੈ । ਇਕ ਆਮ ਸਿੱਖ ਤਾਂ ਇੰਨ੍ਹਾਂ ਨੂੰ ਗੁਰੂ ਸਾਹਿਬਾਨ ਦੀਆਂ ਫੋਟੋਆਂ ਸਮਝ ਕੇ ਇੰਨ੍ਹਾਂ ਉਤੇ ਫੁੱਲ ਵੀ ਚੜ੍ਹਾਏਗਾ ਅਤੇ ਮੱਥਾ ਵੀ ਟੇਕੇਗਾ । ਰਹੀ ਪ੍ਰਚਾਰਕਾਂ ਦੀ ਗੱਲ - ਪ੍ਰਚਾਰਕ ਅੱਜ ਕਲ੍ਹ ਪੜ੍ਹੀ-ਲਿਖੀ ਨੌਜਵਾਨ ਪੀੜ੍ਹੀ ਨੂੰ ਪ੍ਰੇਰਣਾ ਤਾਂ ਦੂਰ ਦੀ ਗੱਲ ਇੰਨ੍ਹਾਂ ਦੇ ਸੁਆਲਾਂ ਦਾ ਤਸੱਲੀਬਖਸ਼ ਜਵਾਬ ਵੀ ਨਹੀਂ ਦੇ ਸਕਦੇ ।

ਹਕੀਕਤ ਦੇਖਦੇ ਹੋਏ ਸਾਨੂੰ ਸ਼੍ਰੋਮਣੀ ਕਮੇਟੀ ਤੋਂ ਕਿਸੇ ਕਿਸਮ ਦੀ ਉਮੀਦ ਛੱਡ ਕੇ ਸਿੱਖੀ ਦੀ ਅਤੇ ਸਿੱਖਾਂ ਦੀ ਆਪ ਹੀ ਸਾਰ ਲੈਣੀ ਚਾਹੀਦੀ ਹੈ । ਇੰਨ੍ਹਾਂ ਲੀਡਰਾਂ ਵੱਲ ਦੇਖਣਾ ਛੱਡ ਦਿਉ, ਜਿੰਨ੍ਹਾਂ ਨੂੰ ਵੋਟਾਂ ਮੰਦਰਾਂ ਵਿੱਚ ਮੱਥਾ ਟੇਕਣ ਤੇ ਮਜਬੂਰ ਕਰਦੀਆ ਹਨ । ਉਨ੍ਹਾਂ ਸੰਤਾਂ ਪਿੱਛੇ ਚਲਣਾ ਬੰਦ ਕਰ ਦਿਉ ਜੋ ਨਾਂਅ ਤਾਂ ਗੁਰੂ ਗ੍ਰੰਥ ਸਾਹਿਬ ਦਾ ਲੈਂਦੇ ਹਨ, ਪਰ ਫ਼ਲਸਫ਼ਾ ਅਤੇ ਰਹਿਣੀ ਗੁਰੂ ਦੀ ਸਿਖਿਆ ਤੋਂ ਕੋਹਾਂ ਦੂਰ ਦੀ ਦੱਸਦੇ ਹਨ ।

ਆਉ ਆਪਣੇ ਧਰਮ ਦਾ ਗੌਰਵਮਈ ਵਿਰਸਾ ਅਤੇ ਕਿਰਦਾਰ ਬਹਾਲ ਕਰਨ ਲਈ ਅਸੀਂ ਆਪ ਹੀ ਉਦਮ ਕਰੀਏ । ਇਸਤਰੀ ਜਨਨੀ ਹੈ । ਹਰ ਇਸਤਰੀ ਆਪਣੇ ਬੱਚੇ ਦੇ ਸਰੀਰ ਦੇ ਵਿਕਾਸ ਲਈ ਪੂਰਾ ਖਿਆਲ ਰੱਖਦੀ ਹੈ । ਉਸ ਦੀਆਂ ਜਿਸਮਾਨੀ ਜ਼ਰੂਰਤਾਂ -- ਖਾਣ-ਪੀਣ, ਨਹਾਉਣ, ਖੇਡਣ, ਸੌਣ ਦਾ ਖਿਆਲ ਰੱਖਦੀ ਹੈ । ਆਉ ਇਕ ਜ਼ਿੰਮੇਂਵਾਰੀ ਹੋਰ ਸੰਭਾਲੀਏ, ਉਹ ਹੈ ਬੱਚੇ ਦੀ ਰੂਹਾਨੀ ਖੁਰਾਕ ਅਤੇ ਸਹੀ ਮਾਨਸਿਕ ਵਿਕਾਸ ।

ਅੱਜ ਕਲ੍ਹ ਦੇ ਜ਼ਮਾਨੇ ਵਿੱਚ ਇਹ ਪ੍ਰਚਾਰ ਕਰਨ ਦਾ ਕੋਈ ਅਸਰ ਨਹੀਂ ਹੁੰਦਾ ਕਿ ਫ਼ਿਲਮਾਂ ਨਾ ਵੇਖੋ, ਗਾਣੇ ਨਾ ਸੁਣੋ, ਕਿਉਂਕਿ ਟੀ.ਵੀ. ਨਾਲ ਇਹ ਚੀਜ਼ਾਂ ਘਰ ਘਰ ਆ ਗਈਆਂ ਹਨ । ਤੁਸੀਂ ਬੱਚੇ ਨੂੰ ਆਪਣੇ ਆਲੇ-ਦੁਆਲੇ ਨਾਲੋਂ ਨਿਖੇੜ ਕੇ ਨਹੀਂ ਪਾਲ ਸਕਦੇ । ਇਸ ਮਾਹੌਲ ਵਿੱਚ ਜ਼ਰੂਰਤ ਹੈ ਕਿ ਮਾਵਾਂ ਬੱਚੇ ਨੂੰ ਧਰਮ ਬਾਰੇ ਦੱਸਣ, ਆਪਣੇ ਇਤਿਹਾਸ ਅਤੇ ਗੁਰੂ ਸਾਹਿਬਾਨ ਬਾਰੇ ਦੱਸਣ, ਤਾਂ ਕਿ ਬੱਚੇ ਨੂੰ ਕੁਝ ਰੂਹਾਨੀ ਖੁਰਾਕ ਵੀ ਮਿਲੇ । ਬੱਚੇ ਨੂੰ ਸਹੀ ਅਤੇ ਗ਼ਲਤ ਰੁਚੀਆਂ ਬਾਰੇ ਦੱਸੋ ਅਤੇ ਆਪ ਉਸ ਲਈ ਮਿਸਾਲ ਬਣੋ ।

ਅੱਜ ਕਲ੍ਹ ਇਸਤਰੀਆਂ ਪੜ੍ਹੀਆਂ ਲਿਖੀਆਂ ਹਨ । ਬਚਪਨ ਵਿੱਚ ਬੱਚਿਆਂ ਨੂੰ ਕਿਤਾਬਾਂ 'ਚੋਂ ਸਾਖੀਆਂ ਸੁਣਾਉ । ਥੋੜ੍ਹੇ ਵੱਡੇ ਹੋਣ ਤੇ ਪੰਜਾਬੀ ਪੜ੍ਹਨਾ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਪਾਠ ਕਰਨਾ ਸਿਖਾਉ । ਮੰਤਰ ਵਾਂਗ ਪਾਠ ਹੀ ਨਾ ਪੜ੍ਹ ਛੱਡੋ, ਸਟੀਕ ਲੈ ਕੇ ਗੁਰਬਾਣੀ ਸਮਝਣ ਅਤੇ ਉਸ ਤੇ ਅਮਲ ਕਰਨ ਦੀ ਕੋਸ਼ਿਸ਼ ਕਰੋ । ਅੱਜ ਕਲ੍ਹ ਬੱਚੇ ਸੁਆਲ-ਜੁਆਬ ਕੀਤੇ ਬਗੈਰ ਮਾਂ-ਪਿਉ ਦੀ ਕੋਈ ਗੱਲ ਨਹੀਂ ਮੰਨਦੇ । ਉਨ੍ਹਾਂ ਦੇ ਸੁਆਲਾ ਦੇ ਜੁਆਬ ਜੇ ਤੁਹਾਨੂੰ ਨਹੀਂ ਆਂਦੇ ਤਾਂ ਸਿੱਖ ਇਤਿਹਾਸ ਦੀਆਂ ਕਿਤਾਬਾਂ ਜਾਂ ਕਿਸੇ ਗੁਰਸਿੱਖ ਕੋਲੋਂ ਜੁਆਬ ਲੈ ਕੇ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਬੱਚੇ ਨੂੰ ਸਿੱਖੀ ਜੀਵਨ ਵੱਲ ਪ੍ਰੇਰਿਤ ਕਰੋ ਅਤੇ ਕੁਰਹਿਤਾਂ ਅਤੇ ਤਨਖਾਹੀਆ ਹੋਣ ਤੋਂ ਬਚਾਉ ।



www.AKJ.Org

ਆਮ ਵੇਖਿਆ ਗਿਆ ਹੈ ਕਿ ਸਿੱਖ ਇਸਤਰੀਆਂ ਨੂੰ ਕੁਰਹਿਤਾਂ ਬਾਰੇ ਪਤਾ ਹੀ ਨਹੀਂ ਹੁੰਦਾ। ਕੁਝ ਇਸਤਰੀਆਂ ਅਗਿਆਨਤਾ ਵਿੱਚ ਹੀ ਕੁਰਹਿਤ ਕਰ ਜਾਂਦੀਆਂ ਹਨ। ਸਭ ਤੋਂ ਪਹਿਲੀ ਕੁਰਹਿਤ ਜੋ ਇਸਤਰੀਆਂ ਕਰਦੀਆ ਹਨ - ਉਹ ਹੈ ਕੇਸਾਂ ਦੀ ਬੇ-ਅਦਬੀ। ਸਿੱਖ ਇਸਤਰੀਆਂ ਸਿਰ ਦੇ ਕੇਸ ਤਾ ਰੱਖ ਲੈਂਦੀਆਂ ਹਨ ਪਰ ਫੈਸ਼ਨਪ੍ਰਸਤੀ ਵਿੱਚ ਅੱਖਾਂ ਦੇ ਭਰਵੱਟੇ ਅਤੇ ਬਾਕੀ ਸਰੀਰ ਦੇ ਰੋਮਾ ਨੂੰ ਲਾਹੁੰਦੀਆਂ ਹਨ। ਕੀ ਧਰਮ ਸਾਨੂੰ ਇਸ ਦੀ ਇਜ਼ਾਜ਼ਤ ਦੇਂਦਾ ਹੈ / ਕੁਝ ਕੁ ਦਾ ਵਿਚਾਰ ਹੈ ਕਿ ਸਰੀਰ ਦੇ ਰੋਮਾਂ ਨੂੰ ਕੇਸਾਂ ਵਿੱਚ ਨਹੀਂ ਗਿਣਨਾ ਚਾਹੀਦਾ। ਕੁਝ "ਸਾਬਤ ਸੂਰਤ" ਦਾ ਅਰਥ ਹੀ ਇਹ ਸਮਝਦੇ ਹਨ ਕਿ ਜਿਸ ਬਣਤਰ ਵਿੱਚ ਰੋਮਾਂ ਸਮੇਤ - ਵਾਹਿਗੁਰੂ ਨੇ ਮਨੁੱਖੀ ਸਰੀਰ ਦਿੱਤਾ ਹੈ, ਉਸ ਨੂੰ ਉਸੇ ਤਰ੍ਹਾਂ ਰੱਖੋ। ਪਰ ਆਲੇ-ਦੁਆਲੇ ਝਾਤੀ ਮਾਰੀਏ ਤਾਂ ਕੋਈ ਵਿਰਲੀ ਸਿੱਖ ਬੀਬੀ ਹੀ ਸਾਬਤ-ਸੂਰਤ ਦਿਸਦੀ ਹੈ। ਇਸ ਨੁਕਤੇ ਉਪਰ ਇਤਿਹਾਸਕਾਰਾਂ ਅਤੇ ਧਾਰਮਿਕ ਆਗੂਆਂ ਵਲੋਂ ਵਿਚਾਰ ਕਰਕੇ ਇਹ ਦੱਸਣਾ ਬਹੁਤ ਜ਼ਰੂਰੀ ਹੈ ਕਿ ਸਿੱਖ ਬੀਬੀ ਦੀ ਵਿਲੱਖਣਤਾ ਦੀ ਪਹਿਚਾਨ ਕੀ ਏ ? ਹਰ ਸਿੱਖ ਬੀਬੀ ਨੂੰ ਚਾਹੀਦਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਿਤ ਪ੍ਰਵਾਣਿਤ "ਸਿੱਖ ਰਹਿਤ-ਮਰਯਾਦਾ" ਦਾ ਕਿਤਾਬਚਾਂ ਪੜ੍ਹੇ ਅਤੇ ਉਸ ਅਨੁਸਾਰ ਆਪਣਾ ਜੀਵਨ ਢਾਲੇ।

ਅੰਤ ਵਿੱਚ ਮੈਂ ਇਹੀ ਕਹਾਂਗੀ ਕਿ ਜੋ ਸਿੱਖ ਬੀਬੀਆਂ ਆਪਣੇ ਬੱਚਿਆਂ ਨੂੰ ਸਿੱਖੀ ਮਾਰਗ ਤੇ ਚਲਣਾ ਸਿਖਾਉਣ ਤਾਂ ਜੋ ਇਹ, ਨਹੀਂ ਤਾਂ ਅਗਲੀ ਪੀੜ੍ਹੀ ਜ਼ਰੂਰ ਸ਼ਾਨ ਨਾਲ ਆਪਣੇ ਆਪ ਨੂੰ ਸਿੱਖ ਅਖਵਾਏਗੀ ਅਤੇ ਸਮਾਜ ਵਿੱਚ ਉਚੇ-ਸੁਚੇ ਚਰਿਤਰ ਦਾ ਪ੍ਰਤੀਕ ਬਣੇਗੀ।

---

# ਸਮਾਗਮ ਸਰਗਰਮੀਆਂ

੧. ਹਰ ਮਹੀਨੇ ਦੀ ਤਰ੍ਹਾਂ ਗੁਰਦੁਆਰਾ ਬਿਬੇਕਸਰ ਸ੍ਰੀ ਅੰਮ੍ਰਿਤਸਰ ਵਿਖੇ ੨੭ ਅਕਤੂਬਰ (ਸ਼ਨੀਵਾਰ) ਰੈਣਿ ਸਬਾਈ ਕੀਰਤਨ ਹੋਣਗੇ।

੨. ਭਾਈ ਜਗਬੀਰ ਸਿੰਘ ਜੀ ਦੇ ਗ੍ਰਹਿ ਗੁੜ੍ਹੀ ਅਜੀਤ ਸਿੰਘ ਵਿਖੇ ੨੦ ਅਕਤੂਬਰ (ਸ਼ਨੀਵਾਰ) ਰੈਣਿ ਸਬਾਈ ਕੀਰਤਨ ਹੋਣਗੇ (ਫੋਨ : ੦੧੮੨੩-੪੫੩੫੩

੩. ਭਾਈ ਗੁਰਚਰਨ ਸਿੰਘ ਜੀ ਦੇ ਗ੍ਰਹਿ ਮਕਾਨ ਨੰ: ੨੩੬, ਵਾਰਡ ਨੰ: ੧, ਮੁੰਡੀ ਖਰੜ ਜ਼ਿਲਾ ਰੋਪੜ ਵਿਖੇ ਰੈਣਿ ਸਬਾਈ ਕੀਰਤਨ ੬

੪ ਅਕਤੂਬਰ ਨੂੰ ਹੋਣਗੇ - ਫੋਨ : ੦੧੮੮-੨੪੬੦੩੬

੫. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਸ੍ਰੀ ਸੁਲਤਾਨਪੁਰ ਲੋਧੀ ਵਿਖੇ ਮਿਤੀ ੨੮ ਨਵੰਬਰ ਤੋਂ ਪਹਿਲੀ ਦਸੰਬਰ ਸਵੇਰ ਤੱਕ ਮਨਾਇਆ ਜਾ ਰਿਹਾ ਹੈ। ਵੇਰਵਾ ਆਉਂਦੇ 'ਸੂਰੇ' ਵਿੱਚ ਹੋਵੇਗਾ। ਸੰਗਤਾਂ ਦੇ ਚਰਨਾਂ ਵਿੱਚ ਅਗਾਊਂ ਬੇਨਤੀ ਹੈ ਕਿ ਉਕਤ ਤਾਰੀਖਾਂ 'ਚ ਕੋਈ ਹੋਰ ਸਮਾਗਮ ਨਾ ਰੱਖਣ।

ਬਾਪੂ ਰਸਾਲ ਸਿੰਘ ਜੀ ਦੇ ਪ੍ਰਬੰਧਾਂ ਅਧੀਨ ਮਿਤੀ ੭ ਅਕਤੂਬਰ ਐਤਵਾਰ ਨੂੰ ਦਿਵਸ ਸੁਹੇਲਾ ਕੀਰਤਨ ਭਾਈ ਹਰਭਜਨ ਸਿੰਘ ਪੁਤਰ ਸ:

੬. ਕਰਮ ਸਿੰਘ ਬਾਗ ਵਾਲੇ ਪਿੰਡ ਝੰਡੇਰ, (ਤਰਨ ਤਾਰਨ, ਗੋਇੰਦਵਾਲ ਰੋਡ ਤੇ) ਹੋਵੇਗਾ।

ਭਾਈ ਨਿਰਮਲ ਸਿੰਘ ਅਤੇ ਭਾਈ ਸੁਖਵੰਤ ਸਿੰਘ ਪੱਟੀ ਵਾਲਿਆਂ ਦੇ ਪ੍ਰਬੰਧਾਂ ਅਧੀਨ ਗੁਰਦੁਆਰਾ ਸ੍ਰੀ ਭੱਠ ਸਾਹਿਬ ਪੱਟੀ ਵਿਖੇ ਕੀਰਤਨ ਰੈਣਿ ਸਬਾਈ ੧੩ ਅਕਤੂਬਰ ਸ਼ਨੀਵਾਰ ਸ਼ਾਮੀਂ ਆਰੰਭ ਹੋਣਗੇ (ਫੋਨ : ੦੧੮੫੧-੪੩੦੩੨)

੭. ਸ੍ਰੀਮਾਨ ਬਾਊ ਮੱਲ ਸਿੰਘ ਜੀ ਦੀ ਸਾਲਾਨਾ ਯਾਦ ਵਿੱਚ ਮਿਤੀ ੧੯ ਤੋਂ ੨੧ ਅਕਤੂਬਰ ਤੱਕ ਅਖੰਡ ਪਾਠ ਅਤੇ ਦਿਵਸ ਸੁਹੇਲਾ ਕੀਰਤਨ, ਗਲੀ ਬਾਊ ਮੱਲ ਸਿੰਘ, ਤਰਨ ਤਾਰਨ।

੮. ਭਾਈ ਹਰਪਾਲ ਸਿੰਘ ਏਅਰ ਫੋਰਸ ਵਾਲਿਆਂ ਦੀ ਸੂਚਨਾ ਮੁਤਾਬਿਕ ਕੀਰਤਨ ਸਮਾਗਮ ਰੈਣਿ ਸਬਾਈ ੨੦ ਅਕਤੂਬਰ ਗੁ: ਹਰਿਗੋਬਿੰਦਗੜ੍ਹ, ਮੋਰਿੰਡਾ ਰੋਡ, ਕੋਰਾਲੀ ਜ਼ਿਲਾ ਰੋਪੜ ਵਿਖੇ ਹੋਣਗੇ।

੯. ਭਾਈ ਸਾਹਿਬ ਭਾ: ਅਮਰ ਸਿੰਘ ਅਖੰਡ ਕੀਰਤਨੀ ਜੱਥਾ ਰਜਿ: ਬੀ.ਸੀ. ਵੈਨਕੂਵਰ ਕੈਨੇਡਾ ਵਲੋਂ ਪੁੱਜੀ ਸੂਚਨਾ ਮੁਤਾਬਿਕ ਖ਼ਾਲਸਾ ਸਕੂਲ, ਸਰੀ, ਬੀ.ਸੀ. ਵੈਨਕੂਵਰ ਕੈਨੇਡਾ ਵਿਖੇ ੨੦-੨੧ ਦਸੰਬਰ ਨੂੰ ਸਵੇਰੇ ਆਸਾ ਦੀ ਵਾਰ ਤੇ ਸ਼ਾਮ ਦੇ ਕੀਰਤਨ ਹੋਣੇ ਹਨ। ੨੨ ਦਸੰਬਰ ਦੀ ਰਾਤ ਰੈਣ ਸਬਾਈ ਕੀਰਤਨ ਹੋਣਗੇ।



www.AKJ.Org

# ਨੌਜਵਾਨਾਂ ਵਿੱਚ ਨਸ਼ਿਆਂ ਦਾ ਵੱਧ ਰਿਹਾ ਰੁਝਾਨ

ਵੈਸੇ ਤਾਂ ਸਾਡੇ ਦੇਸ਼ ਨੂੰ ਅੱਜ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ ਜਿਵੇਂ ਬੇਰੁਜ਼ਗਾਰੀ, ਗਰੀਬੀ, ਵੱਧਦੀ ਹੋਈ ਆਬਾਦੀ ਆਦਿ । ਪਰ ਅੱਜ ਸਾਡੀ ਨੌਜਵਾਨ ਪੀੜੀ ਨੂੰ ਜਿਸ ਭਿਆਨਕ ਸਮੱਸਿਆ ਨੇ ਘੇਰਿਆ ਹੋਇਆ ਹੈ, ਉਹ ਹੈ ਨਸ਼ਿਆਂ ਦੀ ਆਦਤ । ਨਸ਼ਿਆਂ ਦੀ ਸਮੱਸਿਆ ਇਕੱਲੇ ਭਾਰਤ ਦੀ ਹੀ ਨਹੀਂ ਹੈ, ਸਗੋਂ ਸਮੁੱਚੇ ਸੰਸਾਰ ਲਈ ਚਿੰਤਾ ਦਾ ਵਿਸ਼ਾ ਹੈ । ਅੱਜ ਦੁਨੀਆਂ ਦੇ ਅਮਰੀਕਾ ਵਰਗੇ ਮੋਹਰੀ ਅਤੇ ਵਿਕਸਿਤ ਦੇਸ਼ ਵੀ ਚਿੰਤਤ ਵਿਖਾਈ ਦੇ ਰਹੇ ਹਨ । ਸਰਕਾਰੀ ਅਤੇ ਗੈਰ ਸਰਕਾਰੀ ਅੰਕੜੇ ਦੱਸਦੇ ਹਨ ਕਿ ਰੋਜ਼ਾਨਾ ਲੱਖਾਂ ਦੇ ਹਿਸਾਬ ਨਾਲ ਮੌਤਾਂ ਵੱਖ ਵੱਖ ਨਸ਼ਿਆਂ ਕਾਰਨ ਹੁੰਦੀਆਂ ਹਨ ।

ਅੱਜ ਨਸ਼ਿਆਂ ਦੀ ਪ੍ਰਵਿਰਤੀ ਦਿਨੋ ਦਿਨ ਵੱਧਦੀ ਜਾ ਰਹੀ ਹੈ । ਨੌਜਵਾਨ ਨਸ਼ਿਆਂ ਵਿੱਚ ਗਲਤਾਨ ਹੁੰਦੇ ਜਾ ਰਹੇ ਹਨ । ਨਸ਼ਿਆਂ ਦੇ ਆਦੀ ਹੋਣ ਦੇ ਕਈ ਕਾਰਨ ਹਨ ਜਿੰਨ੍ਹਾਂ ਵਿੱਚ ਭਾਵਨਾਵਾਂ ਨੂੰ ਠੇਸ ਪੁੱਜਣਾ, ਉਲਝਣਾਂ, ਸ਼ਰਮਿੰਦਗੀ ਦਾ ਅਹਿਸਾਸ, ਭੈ-ਭੀਤ ਰਹਿਣਾ, ਪ੍ਰੇਸ਼ਾਨੀ, ਮਾਨਸਿਕ ਤਨਾਉ ਪ੍ਰਮੁੱਖ ਹਨ । ਅਜਿਹੀਆਂ ਹਾਲਤਾਂ ਵਿੱਚ ਨੌਜਵਾਨ ਨਸ਼ਿਆਂ ਦਾ ਸਹਾਰਾ ਲੈਂਦੇ ਹਨ । ਇਕ ਅੰਦਾਜ਼ੇ ਮੁਤਾਬਿਕ ਸੰਸਾਰ ਵਿੱਚ ਸ਼ਰਾਬ, ਅਫੀਮ, ਭੰਗ, ਤਮਾਕੂ, ਚਰਸ ਸਮੇਤ ੧੦੯ ਦੇ ਕਰੀਬ ਵੱਖ ਵੱਖ ਤਰ੍ਹਾਂ ਦੇ ਨਸ਼ੇ ਲੋਕਾਂ ਵੱਲੋਂ ਇਸਤੇਮਾਲ ਕੀਤੇ ਜਾ ਰਹੇ ਹਨ । ਹਰ ਪ੍ਰਕਾਰ ਦਾ ਨਸ਼ਾ ਸਿਹਤ ਲਈ ਹਾਨੀਕਾਰਕ ਹੈ ।

ਨਸ਼ਿਆਂ ਬਾਰੇ ਕਹਾਵਤ ਹੈ ਕਿ :

ਅਫੀਮ, ਪੋਸਤ, ਚਰਸ ਤੰਬਾਕੂ, ਮਨੁੱਖੀ ਜੀਵਨ ਦੇ ਸਾਰੇ ਡਾਕੂ ।

ਦਿਨ-ਬ-ਦਿਨ ਸਾਡੇ ਸਮਾਜ ਵਿੱਚ ਨਸ਼ਿਆਂ ਦਾ ਰੁਝਾਨ ਵੱਧਦਾ ਜਾ ਰਿਹਾ ਹੈ । ਨਸ਼ਿਆਂ ਦਾ ਸਭ ਤੋਂ ਜ਼ਿਆਦਾ ਸੇਵਨ ਸਕੂਲ, ਕਾਲਜ ਤੇ ਯੂਨੀਵਰਸਿਟੀ ਪੱਧਰ ਤੇ ਹੁੰਦਾ ਹੈ । ਪੰਜਾਬ ਦੇ ਸਿਹਤ ਵਿਭਾਗ ਦੀ ਰਿਪੋਰਟ ਮੁਤਾਬਿਕ ਸਾਡੇ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਤੇ ਵਿਦਿਆਰਥਣਾਂ ਵਿੱਚ ਹਰ ਤੀਜਾ ਲੜਕਾ ਤੇ ਹਰ ਸਤਵੀਂ ਲੜਕੀ ਨਸ਼ੀਲੀਆਂ ਦਵਾਈਆਂ ਦੇ ਆਦੀ ਹਨ । ਅੱਜ ਦੇ ਨੌਜਵਾਨ ਜੋ ਭਵਿੱਖ ਦੇ ਨਿਰਮਾਤਾ ਹਨ, ਉਹੀ ਨਸ਼ਿਆਂ ਦੀ ਇਸ ਘੁੰਮਣਘੇਰੀ ਵਿੱਚ ਫਸ ਗਏ ਤਾਂ ਸਾਡੇ ਸਮਾਜ ਦੀ ਬੁਨਿਆਦ ਕਿਹੋ ਜਿਹੀ ਹੋਵੇਗੀ ? ਨਸ਼ਿਆਂ ਦੀ ਵਰਤੋਂ ਕਾਰਨ ਨੌਜਵਾਨ ਪੀੜ੍ਹੀ ਆਪਣੀਆਂ ਬੁਨਿਆਦੀ ਕਦਰਾਂ ਕੀਮਤਾਂ ਨੂੰ ਭੁੱਲਦੀ ਜਾ ਰਹੀ ਹੈ ।

ਅੱਜ ਵਿਆਹ ਸ਼ਾਦੀਆਂ ਤੇ ਸ਼ਰਾਬ ਦਾ ਅਡੰਬਰ ਲਾਇਆ ਜਾਂਦਾ ਹੈ । ਇਹ ਇਕ ਫੈਸ਼ਨ ਵਜੋਂ ਗਿਣਿਆ ਜਾਂਦਾ ਹੈ । ਅੱਜ ਪੰਜਾਬ ਵਿੱਚ ੮੦% ਮਰਦ ਸ਼ਰਾਬ ਦਾ ਸੇਵਨ ਕਰਦੇ ਹਨ । ਇਸ ਤੋਂ ਇਲਾਵਾ ਮਿਹਨਤ ਮਜ਼ਦੂਰੀ ਕਰਨ ਵਾਲੇ ਲੋਕਾਂ ਵਿੱਚ ਨਸ਼ਿਆਂ ਦੀ ਆਦਤ ਵੱਧ ਵੇਖੀ ਗਈ ਹੈ । ਨਸ਼ਿਆਂ ਦੇ ਸਰੀਰ ਉਪਰ ਬੁਰੇ ਪ੍ਰਭਾਵਾਂ ਤੋਂ ਬਿਨਾਂ ਕਈ ਪਰਿਵਾਰ ਵੀ ਇੰਨ੍ਹਾਂ ਦੀ ਮਾਰ ਹੇਠ ਆ ਚੁੱਕੇ ਹਨ । ਘਰ ਵਿੱਚ ਇਕ ਨਸ਼ੱਈ ਹੋਣ ਤੇ ਪੂਰਾ ਪਰਿਵਾਰ ਪ੍ਰਭਾਵਿਤ ਹੁੰਦਾ ਹੈ । ਦੇਸ਼ ਦੀ ਆਰਥਿਕ, ਸਮਾਜਿਕ ਹਾਲਤ ਵਿੱਚ ਨਿਘਾਰ ਆਉਂਦਾ ਹੈ, ਦੇਸ਼ ਦੀ ਤਰੱਕੀ ਦੀ ਹਾਨੀ ਹੁੰਦੀ ਹੈ ।

ਪੰਜਾਬ ਵਿੱਚ ਨਸ਼ਿਆਂ ਦੀ ਖਪਤ ਵਿੱਚ ਚੋਖਾ ਵਾਧਾ ਹੋ ਰਿਹਾ ਹੈ । ਪੰਜਾਬ ਨਸ਼ਿਆਂ ਦੀ ਖਪਤ ਦੇ ਮਾਮਲੇ ਵਿੱਚ ਵੱਡੇ ਦੇਸ਼ਾਂ ਦੀ ਬਰਾਬਰੀ ਕਰਨ ਲੱਗ ਪਿਆ ਹੈ । ਪੰਜਾਬ ਵਿੱਚ ਨਸ਼ਿਆਂ ਅਤੇ ਨਸ਼ੱਈਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ।

ਅੱਜ ਲੋੜ ਹੈ ਕਿ ਲੋਕਾਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਪ੍ਰਤੀ ਚੇਤੰਨ ਕਰਨ ਦੀ । ਮੀਡੀਆ ਇਸ ਸਬੰਧ ਵਿੱਚ ਬਹੁਤ ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਰੋਲ ਅਦਾ ਕਰ ਸਕਦਾ ਹੈ । ਅੱਜ ਜਿਸ ਹੱਦ ਤੱਕ ਸਾਡੇ ਸਮਾਜ ਵਿੱਚ ਨਸ਼ੇ ਫੈਲ ਚੁਕੇ ਹਨ,



www.AKJ.Org

ਉਨ੍ਹਾਂ ਨੂੰ ਵੇਖਦੇ ਹੋਏ ਹਰ ਪੰਜਾਬੀ ਲਈ ਚੇਤੰਨ ਹੋਣ ਦੀ ਲੋੜ ਹੈ । ਇੰਨ੍ਹਾਂ ਵਿਰੁੱਧ ਕੋਈ ਸਖ਼ਤ ਕਾਨੂੰਨ ਬਣਾਇਆ ਜਾਵੇ । ਕਿਉਂਕਿ ਇਹ ਨਸ਼ੇ ਸਾਡੇ ਦੇਸ਼ ਨੂੰ ਨਿਘਾਰਨ ਦੀ ਰਾਹ ਤੇ ਚੱਲ ਰਹੇ ਹਨ । ਕਾਨੂੰਨਾਂ ਨੂੰ ਸਖ਼ਤ ਕਰਕੇ ਅਤੇ ਨਸ਼ਿਆਂ ਵਿਰੁੱਧ ਵੱਡੀ ਪੱਧਰ ਉਤੇ ਜਾਗ੍ਰਿਤੀ ਪੈਦਾ ਕਰਨ ਦੀ ਲੋੜ ਹੈ । ਸਰਕਾਰ ਅਤੇ ਸਮਾਜ ਪਤਾ ਲਗਾਵੇ ਕਿ ਨੌਜਵਾਨ ਨਸ਼ੇ ਕਿਉਂ ਕਰਦੇ ਹਨ ? ਉਨ੍ਹਾਂ ਨੂੰ ਰੋਕਣ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ । ਅੱਜ ਲੋੜ ਹੈ ਨੌਜਵਾਨ ਵਰਗ ਦੀਆਂ ਭਾਵਨਾਵਾਂ ਨੂੰ ਸਮਝਣ ਦੀ । ਜੇਕਰ ਜ਼ਿੰਦਗੀ ਜੀਣ ਦੀਆਂ ਹਾਲਤਾਂ ਅਨੁਕੂਲ ਹੋਣਗੀਆਂ ਤਾਂ ਨਸ਼ਿਆਂ ਦਾ ਕੋਹੜ ਨੌਜਵਾਨ ਵਰਗ ਤੋਂ ਆਪਣੇ ਆਪ ਦੂਰ ਹੋ ਜਾਵੇਗਾ । ਇਸ ਤੋਂ ਇਲਾਵਾ ਗਲਤ ਪ੍ਰਕਾਰ ਦੇ ਨਸ਼ੇ ਵੇਚਣ ਵਾਲੇ ਕੈਮਿਸਟਾਂ ਨੂੰ ਵੀ ਸਖ਼ਤ ਹਦਾਇਤਾਂ ਦੇਣੀਆਂ ਚਾਹੀਦੀਆਂ ਹਨ ।

ਇਸ ਲਈ ਅੱਜ ਲੋੜ ਹੈ ਜਾਗ੍ਰਿਤੀ ਦੀ, ਰਲ ਕੇ ਸਮੁੱਚੇ ਰੂਪ ਵਿੱਚ ਯਤਨ ਕਰਨ ਦੀ ਤਾ ਜੋ ਇਸ ਕੋਹੜ ਤੋਂ ਨੌਜਵਾਨ ਪੀੜ੍ਹੀ ਨੂੰ ਬਚਾਇਆ ਜਾ ਸਕੇ ਅਤੇ ਲੱਖਾਂ ਪਰਿਵਾਰਾਂ ਨੂੰ ਇਸ ਭਿਅੰਕਰ ਬਿਮਾਰੀ ਤੋਂ ਹਮੇਸ਼ਾਂ ਲਈ ਛੁਟਕਾਰਾ ਦੁਆਇਆ ਜਾ ਸਕੇ ਤਾਂ ਜੋ ਦੇਸ਼ ਦੀ ਸਮਾਜਿਕ, ਆਰਥਿਕ ਹਾਲਤ ਵਿੱਚ ਆ ਰਹੇ ਨਿਘਾਰ ਨੂੰ ਰੋਕਿਆ ਜਾ ਸਕੇ । ਸਾਨੂੰ ਇਹ ਸੋਚ ਰੱਖਣੀ ਚਾਹੀਦੀ ਹੈ ਕਿ ਜੇ ਨਸ਼ਾ ਕਰਨਾ ਹੈ ਤਾਂ ਪ੍ਰੇਮ ਦਾ ਨਸ਼ਾ ਕਰੀਏ । ਹਰ ਇਕ ਨੂੰ ਪਿਆਰ ਵੰਡੋ । ਸਮਾਜ ਦੇ ਮਾਰੂ ਨਸ਼ਿਆਂ ਦੀ ਥਾਂ ਹਮੇਸ਼ਾਂ ਚੰਗੇ ਕਰਮ ਕਰਨ ਵਾਲੇ ਨਸ਼ੇ ਅਪਨਾਉਣੇ ਚਾਹੀਦੇ ਹਨ ਤਾਂ ਜੋ ਸਮਾਜ ਅਤੇ ਸਮੁੱਚੀ ਮਾਨਵ ਜਾਤੀ ਦਾ ਕਲਿਆਣ ਹੋ ਸਕੇ ।

ਸਭ ਤੋਂ ਅਹਿਮ ਗੱਲ ਕਿ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਵਿਦਿਆਰਥੀ/ਵਿਦਿਆਰਥਣਾਂ ਨੂੰ ਇਸ ਪ੍ਰਤੀ ਜਾਗਰੂਕ ਕਰੀਏ ਕਿਉਂਕਿ ਜੇਕਰ ਦੇਸ਼ ਦੇ ਨਿਰਮਾਤਾ ਸਹੀ ਰਾਹ ਤੇ ਚੱਲਣਗੇ ਤਾਂ ਦੇਸ਼ ਅਤੇ ਸਮਾਜ ਦਾ ਭਲਾ ਹੋਵੇਗਾ ਅਤੇ ਭਵਿੱਖ ਦੀ ਬੁਨਿਆਦ ਮਜ਼ਬੂਤ ਹੋਵੇਗੀ ।

ਦੇਸ਼ ਦੇ ਨੌਜਵਾਨੋ ਉਠੋ, ਰਲ ਕੇ ਕਦਮ ਉਠਾਈਏ ।
ਘੁਣ ਵਾਗੂੰ ਜੋ ਖਾ ਰਿਹਾ, ਇਸ ਕੋਹੜ ਨੂੰ ਦੂਰ ਭਜਾਈਏ।
ਹੋਵੇਗੀ ਸਮਾਜ ਦੀ ਤਰੱਕੀ ਅਤੇ ਵਿਕਾਸ ।
ਹੇ ਦੇਸ਼ ਦੇ ਵਰਤਮਾਨ, ਭਵਿੱਖ ਦੀ ਹੈ ਤੁਹਾਡੇ ਤੇ ਆਸ ।

-- ਮਨਦੀਪ ਕੌਰ
(ਪਿੰਡ ਅਤੇ ਡਾਕ: ਸਰਲੀ ਕਲਾਂ)

✦✧★

**ਅੰਮ੍ਰਿਤ ਛਕੋ - ਸਿੰਘ ਸਜੋ - ਗੁਰੂ ਵਾਲੇ ਬਣੋ**



www.AKJ.Org

# ਮਾਦਾ ਭਰੂਣ ਹੱਤਿਆ ਘੋਰ ਪਾਪ

ਸਾਡੇ ਸਮਾਜ ਵਿੱਚ ਪੁੱਤਰ ਦੀ ਪ੍ਰਾਪਤੀ ਵਾਸਤੇ ਮਾਪੇ ਵਿੰਗੇ ਟੇਢੇ ਤਰੀਕਿਆਂ ਨਾਲ ਪੁੱਤਰ ਦਾ ਮੂੰਹ ਵੇਖਣਾ ਚਾਹੁੰਦੇ ਹਨ ਪਰ ਇਹ ਦਾਤ ਵਾਹਿਗੁਰੂ ਨੇ ਆਪਣੇ ਪਾਸ ਰੱਖੀ ਹੈ । ਫੁਰਮਾਨ ਹੈ :

ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥

(ਸੋਰਠਿ ਮਹਲਾ ੩, ਪੰਨਾ ੬੦੪)

ਔਰਤ ਕੁਦਰਤ ਦੀ ਗੋਦ ਵਿੱਚ ਇਕ ਅਨਮੋਲ ਰਤਨ ਹੈ । ਇਸ ਦੀ ਜਿੰਨੀ ਵੀ ਕਦਰ ਕੀਤੀ ਜਾਏ ਉਨੀ ਹੀ ਥੋੜ੍ਹੀ ਹੈ। ਪਰ ਇਸ ਦੇ ਉਲਟ ਮੰਨੂੰ ਤੇ ਹੋਰ ਅਨੇਕ ਬੇ-ਸਮਝ ਲੋਕਾਂ ਨੇ ਇਸ ਨੂੰ ਪੈਰ ਦੀ ਜੁੱਤੀ ਤੇ ਇਸ ਦੀ ਮੱਤ ਗੁੱਤ ਪਿਛੇ ਤੇ ਇਸ ਨੂੰ ਚਾਰ ਸੌ ਚਾਰ ਚਲਿੱਤਰਾ ਵਾਲੀ ਦੱਸ ਕੇ ਇਸ ਦੇ ਗੁਣਾਂ ਨੂੰ ਵੀ ਔਗੁਣਾਂ ਦੇ ਨਾਲ ਜੋੜ ਦਿੱਤਾ ਹੈ । ਗੁਰੂ ਨਾਨਕ ਪਾਤਸ਼ਾਹ ਨੇ ਔਰਤ ਜਾਤੀ ਵਾਸਤੇ ਮਹਾਨ ਸ਼ਬਦ ਵਰਤ ਕੇ ਕਿਹਾ ਹੈ :

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥<br>
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

(ਵਾਰ ਆਸਾ, ਪੰਨਾ ੪੭੩)

ਕੁੜੀਆਂ ਮਾਰ ਦੇਣ ਦਾ ਰਿਵਾਜ ਬੜਾ ਪੁਰਾਣਾ ਤੁਰਿਆ ਆਉਂਦਾ ਹੈ । ਇਕ ਸਮੇਂ ਸਮਾਜ ਵਿੱਚ ਇਹ ਰੀਤ ਇੰਨੀ ਪ੍ਰਚਲਤ ਹੋ ਗਈ ਕਿ ਨਾ ਤਰਸ ਰਿਹਾ ਤੇ ਨਾ ਮੋਹ । ਮਮਤਾ ਬਿਲਕੁਲ ਖਤਮ ਹੋ ਗਈ । ਜਿਹੜੀ ਔਰਤ ਦੀ ਕੁੱਖੋਂ ਪੁੱਤਰ ਹੀ ਪੈਦਾ ਹੁੰਦੇ ਸਨ ਉਸ ਔਰਤ ਨੂੰ ਤਾਂ ਲੋਕ ਭਾਗਾਂ ਵਾਲੀ ਆਖ ਕੇ ਸਤਿਕਾਰਦੇ ਸਨ ਪਰ ਜਿਸ ਦੇ ਘਰ ਬੇਟੀ ਦਾ ਜਨਮ ਹੋਣਾ ਉਸ ਦੇ ਸਾਰੇ ਪ੍ਰਵਾਰ ਵਿੱਚ ਸੋਗ ਪੈ ਜਾਣਾ । ਬੇਟੀ ਨੂੰ ਅਫੀਮ ਦੇ ਕੇ ਜਾਂ ਗਲ ਘੁੱਟ ਕੇ ਮਾਰ ਦੇਣਾ ਜਾਂ ਉਸ ਦੇ ਮੂੰਹ ਵਿੱਚ ਅੱਕ ਦੇ ਦੁੱਧ ਦੀ ਵੱਟੀ ਭਿੱਜੀ ਹੋਈ ਦੁੱਧ ਚੂਸਣ ਦੇ ਬਹਾਨੇ ਪਾ ਦੇਣੀ ਤੇ ਨਾਲ ਹੀ ਕਹਿ ਦੇਣਾ

ਦੁੱਧ ਪੀ ਕੇ ਜਾਵੀਂ - ਤੇ ਆਪ ਨਾ ਆਵੀਂ ਵੀਰ ਨੂੰ ਘਲਾਵੀਂ ।

ਇਸ ਭੈੜੇ ਰਿਵਾਜ ਦੇ ਦੋ ਕਾਰਨ ਸਨ - ਇਕ ਤੇ ਲੁਟੇਰਿਆਂ ਤੇ ਧਾੜਵੀਆਂ ਦਾ ਬੋਲ ਬਾਲਾ ਸੀ, ਜੋ ਜਵਾਨ ਧੀਆਂ ਭੈਣਾਂ ਨੂੰ ਚੁੱਕ ਕੇ ਲੈ ਜਾਂਦੇ ਸਨ ਅਤੇ ਦੂਜਾ ਕੁਝ ਲੋਕ ਕਿਸੇ ਦਾ ਸਹੁਰਾ ਜਾਂ ਸਾਲਾ ਬਣਨ ਤੋਂ ਗੁਰੇਜ਼ ਕਰਦੇ ਸਨ ਅਤੇ ਧੀ ਭੈਣ ਨੂੰ ਮਾਰ ਦੇਣਾ ਹੀ ਚੰਗੇਰਾ ਸਮਝਦੇ ਸਨ । ਮਾਤਾ ਗੰਗਾ ਜੀ ਨੇ ਮੁਗ਼ਲਾਂ ਦੇ ਖਿਲਾਫ਼ ਜੂਝਣ ਵਾਲੇ ਵਡਜੋਧੇ ਛਠਮ ਪੀਰ ਨੂੰ ਜਨਮ ਦਿੱਤਾ। ਮਾਤਾ ਗੁਜਰੀ ਜੀ ਨੇ ਜਿਥੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਜਨਮ ਦਿੱਤਾ ਅਤੇ ਇਸ ਦੇ ਨਾਲ ਹੀ ਸ਼ਹੀਦ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੁਪਤਨੀ ਅਤੇ ਸ਼ਹੀਦ ਪੋਤਿਆਂ ਦੀ ਦਾਦੀ ਹੋਣ ਦਾ ਮਾਣ ਹਾਸਲ ਕੀਤਾ । ਔਰਤ ਨੂੰ ਬਰਾਬਰ ਦਾ ਹੱਕ ਦੇਣ ਵਾਸਤੇ ਅੰਮ੍ਰਿਤ ਤਿਆਰ ਕਰਨ ਵੇਲੇ ਪਤਾਸੇ ਮਾਤਾ ਜੀਤੋ ਜੀ ਨੇ ਪਾ ਕੇ ਮਿਠਾਸ ਦੀ ਦਾਤ ਬਖਸ਼ਿਸ਼ ਕੀਤੀ । ਬਿਖਮ ਰਾਹਾਂ ਵਿਚੋਂ ਦੀ ਜਾ ਕੇ ਬੀਬੀ ਸਰਨ ਕੌਰ ਨੇ ਸਰਦਾਰ ਹਰੀ ਸਿੰਘ ਨਲੂਏ ਨੂੰ ਪਿਸ਼ਾਵਰ ਚਿੱਠੀ ਪਹੁੰਚਾ ਕੇ ਸਿੱਖ ਬੀਬੀਆਂ ਦੀ ਸ਼ਾਨ ਚਮਕਾਈ । ਪਰ ਅੱਜ ਕੁਝ ਹੋਰ ਦਾ ਹੋਰ ਹੋ ਰਿਹਾ ਹੈ । ਗੁਰੂ ਹਰਿਗੋਬਿੰਦ ਸਿੰਘ ਜੀ ਨੇ ਅਕਾਲ ਤਖਤ ਸਾਹਿਬ ਦੀ ਉਸਾਰੀ ਕਰਵਾ ਕੇ ਲੋਕਾਂ ਦੇ ਜੀਵਨ ਦਾ ਨਜ਼ਰੀਆ ਹੀ ਬਦਲ ਦਿੱਤਾ ਤੇ ਨਾਲ ਹੀ ਕੌਮ ਨੂੰ ਹੁਕਮ ਕਰ ਦਿੱਤਾ ਕਿ 'ਮੇਰਾ ਸਿੱਖ ਖੁਸ਼ੀ ਦਾ ਪਾਤਰ ਤਾਂ ਹੀ ਬਣੇਗਾ ਜੇ ਇਸ ਤਖ਼ਤ ਦਾ ਹੁਕਮ ਮੰਨੇਗਾ । ਸਿਰ ਗੁੰਮ ਨੜੀ ਮਾਰ ਕੁੜੀ ਮਾਰ ਨਾਲ ਮਿਲਵਰਤਨ ਨਾ



www.AKJ.Org

ਕੀਤਾ ਜਾਵੇ' । ਅੱਜ ਦੂਜੇ ਧਰਮਾਂ ਤੋਂ ਛੁੱਟ ਸਿੱਖ ਧਰਮ ਨੂੰ ਮੰਨਣ ਦਾ ਦਾਅਵਾ ਕਰਨ ਵਾਲਿਆਂ ਵਿੱਚ ਵੀ ਭਰੂਣ ਟੈਸਟ ਕਰਵਾਉਣ ਦਾ ਰੁਝਾਨ ਧੜਾ ਧੜ ਉਭਰ ਕੇ ਸਾਹਮਣੇ ਆ ਰਿਹਾ ਹੈ । ਕੰਨਿਆ ਦੇ ਜਨਮ ਤੋਂ ਪਹਿਲਾਂ ਹੀ ਭਰੂਣ ਖਤਮ ਕਰਕੇ ਘੋਰ ਪਾਪ ਕੀਤਾ ਜਾਂਦਾ ਹੈ । ਜੇ ਪਨੀਰੀ ਹੀ ਸੁੱਕ ਗਈ ਤਾਂ ਫਲਦਾਰ ਬੂਟੇ ਕਿਵੇਂ ਪੈਦਾ ਹੋਣਗੇ ? ਭਾਵੇਂ ਸਰਕਾਰ ਨੇ ਪਿਛੇ ਜਿਹੇ ਐਲਾਨ ਕੀਤਾ ਸੀ ਕਿ ਮਾਦਾ ਭਰੂਣ ਹੱਤਿਆ ਕਰਨ ਵਾਲੇ ਡਾਕਟਰਾਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਪਰ ਇਸ ਗੱਲ ਦਾ ਕੋਈ ਖਾਸ ਅਸਰ ਨਹੀਂ ਹੋਇਆ । ਇਸ ਤਰ੍ਹਾਂ ਦੇ ਕਈ ਐਲਾਨ ਸੁਣੇ ਗਏ ਪਰ ਕਿਸੇ ਨੂੰ ਕੋਈ ਸਜ਼ਾ ਨਹੀਂ ਹੋਈ । ਕੀ ਅੱਜ ਗਰਭਪਾਤ ਨਹੀਂ ਹੋ ਰਹੇ ? ਕੀ ਡਾਕਟਰਾਂ ਨੇ ਸਰਕਾਰ ਤੱਕ ਪਹੁੰਚ ਤਾਂ ਨਹੀਂ ਕਰ ਲਈ ਹੈ ? ਸੋਚਣ ਵਾਲੀ ਗੱਲ ਹੈ ਕਿ ਸਰਕਾਰ ਸਾਡੀ ਆਪਣੀ ਹੈ ਤਾਂ ਵੀ ਇਹ ਕੁਝ ਹੋ ਰਿਹਾ ਹੈ । ਜਿਸ ਵਿੱਚ ਭਰੂਣ ਵਾਲੀ ਬੇਟੀ ਨੇ ਜਨਮ ਲੈਣਾ ਹੈ ਖਵਰੇ ਉਸ ਨੇ ਕੀ ਰੁਤਬਾ ਹਾਸਲ ਕਰ ਕੇ ਕੌਮ ਦੇ ਭਵਿੱਖ ਵਿੱਚ ਯੋਗਦਾਨ ਪਾਉਣਾ ਹੈ । ਉਸ ਦੀ ਕੁੱਖੋਂ ਖਵਰੇ ਦੇਸ਼ ਭਗਤ, ਸੰਤ, ਸੂਰਮੇ ਦਾ ਜਨਮ ਹੋਣਾ ਹੈ । ਜੇ ਇਹੋ ਜਿਹੇ ਕੋਹੜ ਨੂੰ ਬੰਦ ਨਾ ਕੀਤਾ ਗਿਆ ਤਾਂ ਜੁਅੱਰਤ ਵਾਲੀਆਂ ਬੀਬੀਆਂ ਕਿਵੇਂ ਪੈਦਾ ਹੋਣਗੀਆਂ? ਅੱਜ ਕੌਮ ਨੂੰ ਬੇਬੇ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਗੁਜਰੀ ਜੀ, ਮਾਤਾ ਸਾਹਿਬ ਕੌਰ ਜੀ, ਮਾਤਾ ਭਾਗ ਕੌਰ ਜੀ ਅਤੇ ਬੀਬੀ ਸਰਨ ਕੌਰ ਵਰਗੀਆਂ ਬਹਾਦਰ ਬੀਬੀਆਂ ਦੀ ਲੋੜ ਹੈ ਤੇ ਇਹ ਲੋੜ ਤਾਂ ਹੀ ਪੂਰੀ ਹੋ ਸਕੇਗੀ ਜੇ ਇਹ ਭਰੂਣ ਟੈਸਟ ਬੰਦ ਕੀਤੇ ਜਾਣਗੇ । ਗਿਆਨੀ ਜੋਗਿੰਦਰ ਸਿੰਘ ਵੇਦਾਂਤੀ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਅਤੇ ਦੂਸਰੇ ਸਿੰਘ ਸਾਹਿਬਾਨਾਂ ਨੇ ਆਦੇਸ਼ ਦੇ ਰੂਪ ਵਿੱਚ ਸਿੱਖ ਜਗਤ ਦੇ ਨੋਟਿਸ ਵਿੱਚ ਇਹ ਗੱਲ ਲਿਆਂਦੀ ਹੈ ਜੋ ਕਿ ਬਹੁਤ ਹੀ ਖੁਸ਼ੀ ਦੀ ਗੱਲ ਹੈ । ਕੌਮ ਇਸ ਸੰਦੇਸ਼ ਨੂੰ ਅਮਲੀ ਰੂਪ ਦੇਵੇ ਤਾਂ ਕਿ ਅਸੀਂ ਅਕਾਲ ਤਖ਼ਤ ਸਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕੀਏ । ਅੱਜ ਲੋੜ ਹੈ ਸਭ ਪ੍ਰਚਾਰਕ, ਢਾਡੀ ਕਵੀਸ਼ਰਾਂ, ਕਥਾਵਾਚਕਾਂ ਨੂੰ ਵੀ ਇਹੋ ਜਹੇ ਮਾਦਾ ਭਰੂਣ ਹੱਤਿਆ ਦੇ ਪਾਪ ਦਾ ਜ਼ੋਰਦਾਰ ਖੰਡਨ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਇਸ ਬੁਰਾਈ ਤੋਂ ਬਚ ਸਕੀਏ ਅਤੇ ਗੁਰੂ ਦੀ ਮੱਤ ਦੇ ਧਾਰਨੀ ਬਣ ਸਕੀਏ ।

ਕਵੀਸ਼ਰ ਸਵਰਨ ਸਿੰਘ 'ਭੌਰ'
ਪਿੰਡ ਤੇ ਡਾਕਖਾਨਾ ਸਰਲੀ ਕਲਾਂ, ਤਹਿ: ਖਡੂਰ ਸਾਹਿਬ,
ਜ਼ਿਲਾ ਅੰਮ੍ਰਿਤਸਰ ।

✧★★✧



www.AKJ.Org

# ਖ਼ਬਰਨਾਮਾ

## ਕੈਨੇਡਾ ਦਾ ਪਹਿਲਾ ਅੰਮ੍ਰਿਤਧਾਰੀ ਪਾਇਲਟ

ਕੈਨੇਡਾ : ਸ: ਪਰਮਵੀਰ ਸਿੰਘ ਗੁੱਜਰਵਾਲ ਅੱਜ ਕੈਨੇਡਾ ਦਾ ਪਹਿਲਾ ਅੰਮ੍ਰਿਤਧਾਰੀ ਪਾਇਲਟ ਹੋਣ ਦਾ ਮਾਣ ਪ੍ਰਾਪਤ ਕਰ ਚੁੱਕਾ ਹੈ ਪਰ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਉਸ ਨੂੰ ਭਾਰੀ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ । ਕ੍ਰਿਪਾਨਧਾਰੀ ਹੋਣ ਕਰਕੇ ਉਸਨੂੰ ਸਕੂਲ ਵਿਚੋਂ ਕੱਢ ਦਿੱਤਾ ਗਿਆ ਅਤੇ ਸਕੂਲ ਦੀ ਪੜ੍ਹਾਈ ਦੌਰਾਨ ਦੂਜੇ ਬੱਚਿਆਂ ਨਾਲੋਂ ਵੱਖ ਕਰ ਕੇ, ਇਕੱਲਿਆਂ ਇੱਕ ਕਮਰੇ ਵਿੱਚ ਬੈਠਣ ਦਾ ਹੁਕਮ ਦਿੱਤਾ ਗਿਆ ਜਾਂ ਸ਼ਰਤ ਲਾਈ ਗਈ ਕਿ ਉਹ ਕ੍ਰਿਪਾਨ ਉਤਾਰ ਦੇਵੇ । ਉਸ ਨੇ ਇਹ ਸ਼ਰਤ ਮੰਨਣ ਤੋਂ ਨਾਂਹ ਕਰ ਦਿੱਤੀ । ਉਸ ਦੇ ਪਿਤਾ ਸ: ਜਸਬੀਰ ਸਿੰਘ ਨੇ ਉਸ ਦਾ ਹੌਂਸਲਾ ਕਾਇਮ ਰੱਖਿਆ । ਸਕੂਲ 'ਚੋਂ ਕੱਢੇ ਜਾਣ ਦੌਰਾਨ, ਸਿੱਖੀ ਪ੍ਰਤੀ ਆਪਣਾ ਫ਼ਰਜ਼ ਸਮਝ ਕੇ ਸੁਦਾਰਨੀ ਮਨੋਹਰ ਸਿੰਘ ਬੱਲ, ਆਪਣੀ ਨੌਕਰੀ ਪੂਰੀ ਕਰਨ ਉਪਰੰਤ ੯੦ ਕਿ:ਮੀ: ਦਾ ਸਫ਼ਰ ਤਹਿ ਕਰਕੇ ਪਰਮਵੀਰ ਸਿੰਘ ਨੂੰ ਰੋਜ਼ ਸ਼ਾਮ ਨੂੰ ਪੜ੍ਹਾਉਣ ਆਉਂਦੀ ਰਹੀ ਤਾਂ ਕਿ ਸਿੱਖੀ ਦੀ ਲੜਾਈ ਲੜਦਾ ਪਰਮਵੀਰ ਸਿੰਘ ਪੜ੍ਹਾਈ ਵਿੱਚ ਪਿੱਛੇ ਨਾ ਰਹਿ ਜਾਵੇ । ਪਰਮਵੀਰ ਸਿੰਘ ਨੂੰ ਇਕੋ ਗਿਲਾ ਹੈ ਕਿ, "ਗੁਰੂ ਨੇ ਜੋ ਸਿੱਖੀ ਸਾਡੀ ਝੋਲੀ ਪਾਈ ਸੀ, ਉਹ ਸਾਨੂੰ ਸਾਡੇ ਨਿੱਤ ਦੇ ਜੀਵਨ ਵਿਚੋਂ ਨਜ਼ਰ ਨਹੀਂ ਆਉਂਦੀ" ।

## ਆਰ.ਐਸ.ਐਸ. ਵਿਰੁੱਧ ਇੰਦੌਰ ਦੇ ਸਿੱਖ ਇਕ-ਜੁੱਟ

ਇੰਦੌਰ : ਇੰਦੌਰ ਦੇ ੧੯ ਗੁਰਦੁਆਰਿਆਂ ਨੇ ਪ੍ਰੈਸ ਰਾਹੀਂ ਅਪੀਲ ਕੀਤੀ ਕਿ ਰਾਸ਼ਟਰੀ ਸਿੱਖ ਸੰਗਤ (ਆਰ.ਐਸ.ਐਸ.) ਦਾ ਸਾਹਿਤ ਕੋਈ ਸਿੱਖ ਆਪਣੇ ਘਰ ਵਿੱਚ ਨਾ ਰੱਖੇ ਕਿਉਂਕਿ ਇਹ ਸਿੱਖਾਂ ਲਈ ਜ਼ਹਿਰ ਸਾਮਾਨ ਹੈ । ਅਮਲੀ ਕਦਮ ਚੁੱਕਦਿਆਂ, ਅਹੁਦੇਦਾਰਾਂ ਤੋਂ ਅਸਤੀਫ਼ੇ ਦਿਵਾਏ । ਸਿੱਖਾਂ ਨੇ ਆਰ.ਐਸ. ਐਸ. ਦਾ ਲਿਟਰੇਚਰ ਘਰਾਂ 'ਚੋਂ ਬਾਹਰ ਸੁਟਿਆ ਤੇ ਹੋਲੀ ਜਲਾਈ ।

## ਪੈਰਿਸ ਵਿੱਚ ਘੱਟ ਗਿਣਤੀਆਂ ਦੇ ਹੱਕਾਂ ਬਾਰੇ ਸੰਸਾਰ ਭਰ ਵਿੱਚ ਇਕ ਨੀਤੀ ਅਪਨਾਉਣ ਤੇ ਜ਼ੋਰ

ਪੈਰਿਸ : ਇਸ ਅੰਤਰ-ਰਾਸ਼ਟਰੀ ਕਾਨਫਰੰਸ ਵਿੱਚ ਸਪੋਕਸਮੈਨ ਦੇ ਲੰਡਨ ਪ੍ਰਤੀਨਿਧ ਕੰਵਰ ਰਣਵੀਰ ਸਿੰਘ ਨੇ ਇਹ ਸਪੱਸ਼ਟ ਕੀਤਾ ਕਿ ਜੋ ਲੋਕ ਅਫ਼ਗਾਨਾਂ ਦੀ ਇਸ ਗੱਲੋਂ ਨਿਖੇਧੀ ਕਰਦੇ ਹਨ ਕਿ ਉਨ੍ਹਾਂ ਨੇ ਬੁੱਧ ਮੂਰਤੀ ਤੋੜੀ । ਪ੍ਰੰਤੂ ਆਪ ਬਾਬਰੀ ਮਸਜਿਦ ਤੋੜਨ ਵਾਲਿਆਂ ਨੂੰ 'ਚੰਗੇ ਹਿੰਦੂ' ਕਹਿੰਦੇ ਤੇ ਫਖ਼ਰ ਕਰਦੇ ਹਨ । ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਡੇਗਣ ਤੇ ਤਬਾਹ ਕਰਨ ਵਾਲਿਆਂ ਦੀ ਨਿਖੇਧੀ ਨਹੀਂ ਕਰਦੇ ਜਿਨ੍ਹਾਂ ਹਜ਼ਾਰਾਂ ਸ਼ਰਧਾਲੂਆਂ ਨੂੰ ਮੌਤ ਦੀ ਘਾਟ ਉਤਾਰਿਆ । ਘੱਟ ਗਿਣਤੀਆਂ ਨਾਲ ਚੰਗਾ ਸਲੂਕ ਕਰਨ ਦੇ ਕੁੱਝ ਅੰਤਰ-ਰਾਸ਼ਟਰੀ ਮਿਆਰ ਜ਼ਰੂਰ ਕਾਇਮ ਕਰਨੇ ਪੈਣਗੇ - ਜੇ ਸਮੱਸਿਆ ਦਾ ਪੱਕਾ ਹੱਲ ਲੱਭਣਾ ਹੈ ।

## ਪੰਜਾਬ ਅਸੈਂਬਲੀ ਨੇ ਬਲੂ-ਸਟਾਰ ਅਪ੍ਰੇਸ਼ਨ ਵਿਰੁੱਧ ਜੋ ਮਤਾ ਪਾਸ ਕੀਤਾ

"ਇਹ ਸਦਨ ਜੂਨ ੧੯੮੪ ਵਿੱਚ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਕੀਤੇ ਗਏ ਅਪ੍ਰੇਸ਼ਨ ਬਲਿਊ ਸਟਾਰ ਜਿਸ ਵਿੱਚ ਭੋਲੇ ਭਾਲੇ ਸ਼ਰਧਾਲੂ ਸ਼ਹੀਦ ਕੀਤੇ ਗਏ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕੀਤਾ ਗਿਆ, ਜਿਸ ਨੇ ਸਮੁੱਚੀ ਮਾਨਵਤਾ ਦੀ ਮਾਨਸਿਕਤਾ ਤੇ ਇਕ ਚਿਰ-ਸਥਾਈ ਤੇ ਡੂੰਘਾ ਅਸਰ ਪਾਇਆ, ਦੀ ਨਿਖੇਧੀ ਕਰਨ ਦਾ ਸਰਬ-ਸੰਮਤੀ ਨਾਲ ਇਹ ਸਦਨ ਸੰਕਲਪ ਕਰਦਾ ਹੈ ।"



www.AKJ.Org

## ਗਉੜੀ ਸੁਖਮਨੀ

੧. ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥
ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥
੨. ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥
ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥
੩. ਹਰਿ ਕਾ ਨਾਮੁ ਜਨ ਕੀ ਵਡਿਆਈ ॥
ਹਰਿ ਕੈ ਨਾਮਿ ਜਨ ਸੋਭਾ ਪਾਈ ॥
੪. ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥
ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥
੫. ਜਨੁ ਰਾਤਾ ਹਰਿ ਨਾਮ ਕੀ ਸੇਵਾ ॥
ਨਾਨਕ ਪੂਜੈ ਹਰਿ ਹਰਿ ਦੇਵਾ ॥੬॥

✧✧✧

੧. ਹਰਿ ਹਰਿ ਜਨ ਕੈ ਮਾਲ ਖਜੀਨਾ ॥
ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥
੨. ਹਰਿ ਹਰਿ ਜਨ ਕੈ ਓਟ ਸਤਾਣੀ ॥
ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥
੩. ਓਤਿ ਪੋਤਿ ਜਨ ਹਰਿ ਰਸ ਰਾਤੇ ॥
ਸੁੰਨ ਸਮਾਧਿ ਨਾਮ ਰਸ ਮਾਤੇ ॥
੪. ਆਠ ਪਹਰ ਜਨੁ ਹਰਿ ਹਰਿ ਜਪੈ ॥
ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥
੫. ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥
ਨਾਨਕ ਜਨ ਸੰਗਿ ਕੇਤੇ ਤਰੇ ॥੭॥

✧✧✧

੧. ਪਾਰਜਾਤੁ ਇਹੁ ਹਰਿ ਕੋ ਨਾਮ ॥
ਕਾਮਧੇਨ ਹਰਿ ਹਰਿ ਗੁਣ ਗਾਮ ॥
੨. ਸਭ ਤੇ ਊਤਮ ਹਰਿ ਕੀ ਕਥਾ ॥
ਨਾਮੁ ਸੁਨਤ ਦਰਦ ਦੁਖ ਲਥਾ ॥
੩. ਨਾਮ ਕੀ ਮਹਿਮਾ ਸੰਤ ਰਿਦ ਵਸੈ ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥
੪. ਸੰਤ ਕਾ ਸੰਗੁ ਵਡਭਾਗੀ ਪਾਈਐ ॥
ਸੰਤ ਕੀ ਸੇਵਾ ਨਾਮੁ ਧਿਆਈਐ ॥
੫. ਨਾਮ ਤੁਲਿ ਕਛੁ ਅਵਰੁ ਨ ਹੋਇ ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥੮॥੨॥

✧✧✧

(ਲੜੀ ਜੋੜਨ ਲਈ ਸਤੰਬਰ ੨੦੦੧ ਅੰਕ ਤੋਂ)



www.AKJ.Org

# ਕਾਵਿ-ਅਨੁਵਾਦ (ਅਨੂਪ ਸਿੰਘ ਨੂਰੀ)

੧. ਨਾਮ ਹਰੀ ਦਾ ਹਰੀ ਭਗਤ ਨੂੰ, ਮੁਕਤਿ ਹੋਣ ਦੀ ਜੁਗਤੀ ਦੱਸੇ ॥
ਨਾਮ ਹਰੀ ਦਾ ਭਗਤ ਦੇ ਤਾਈਂ, ਮੋਹ ਮਾਇਆ ਦੀ ਤ੍ਰਿਪਤੀ ਦੱਸੇ ॥
੨. ਨਾਮ ਹਰੀ ਦਾ ਭਗਤ ਦੇ ਵਾਸਤੇ, ਸੁੰਦਰ ਰੂਪ ਅਪਾਰ ਸੁਹਾਵੇ ॥
ਨਾਮ ਹਰੀ ਦੇ ਸਿਮਰਨ ਸਦਕੇ, ਕਦੇ ਕੋਈ ਅੜਚਨ ਨਾ ਆਵੇ ॥
੩. ਹਰੀ ਨਾਮ ਸਦਕੇ ਹੁੰਦੀ ਹੈ, ਜਗ ਤੇ ਭਗਤਾਂ ਦੀ ਵਡਿਆਈ ॥
ਹਰੀ ਨਾਮ ਥੀਂ ਭਗਤ ਜਨਾਂ ਨੇ, ਹਰ ਥਾਂ ਤੇ ਹੀ ਸ਼ੋਭਾ ਪਾਈ ॥
੪. ਭੋਗੀ-ਜੋਗੀ ਦੋਹਾਂ ਲਈ ਹੈ, ਨਾਮ ਪ੍ਰਭੂ ਦਾ ਉੱਤਮ ਸਾਧਨ ॥
ਹਰੀ ਨਾਮ ਦੇ ਸਿਮਰਨ ਸਦਕੇ, ਦੁਖ ਕਲੇਸ਼ ਨ ਵਿਆਪੈ ਐ ਮਨ ॥
੫. ਭਗਤ ਹਰੀ ਦੇ ਹਰ ਵੇਲੇ ਹੀ, ਹਰੀ ਨਾਮ ਦੇ ਰੰਗ 'ਚ ਰੰਗੇ ॥
ਅੱਠੋ ਪਹਿਰ ਹੀ ਨੂਰੀ ਸਤਿਗੁਰ, ਪ੍ਰਭ ਦੀ ਸੇਵਾ ਪੂਜਾ ਮੰਗੇ ॥

## ਅਨੁਵਾਦ

੧. ਨਾਮ ਹਰੀ ਦਾ ਭਗਤ ਉਹਦੇ ਲਈ, ਧਨ ਦਾ ਹੈ ਅਣਮੋਲ ਖ਼ਜ਼ਾਨਾ ॥
ਖੁਸ਼ ਹੋ ਕੇ ਹਰ ਆਪ ਭਗਤ ਨੂੰ, ਬਖਸ਼ਿਸ਼ ਕੀਤਾ ਇਹ ਨਜ਼ਰਾਨਾ ॥
੨. ਨਾਮ ਹਰੀ ਦਾ ਭਗਤ ਉਹਦੇ ਲਈ, ਇਕੋ ਹੈ ਬਲਵਾਨ ਸਹਾਰਾ ॥
ਇਕ ਹਰੀ ਦੀ ਕ੍ਰਿਪਾ ਬਾਝੋਂ, ਹੋਰ ਨਹੀਂ ਕੁਝ ਉਸ ਨੂੰ ਪਿਆਰਾ ॥
੩. ਰੋਮ ਰੋਮ ਥੀਂ ਭਗਤ ਹਰੀ ਦੇ, ਪ੍ਰੀਤ ਹਰੀ ਸੰਗ ਇਉਂ ਮਤਵਾਲੇ ॥
ਸਾਧੂ ਜਿਵੇਂ ਸਮਾਧੀ ਅੰਦਰ, ਮਸਤ ਹੋਏ ਪੀ ਪ੍ਰੇਮ ਪਿਆਲੇ ॥
੪. ਚੱਤੇ ਪਹਿਰ ਜੋ ਭਗਤ ਹਰੀ ਦੇ, ਹਰੀ ਨਾਮ ਵਿੱਚ ਸੁਰਤੀ ਲਾਵਣ ॥
ਉਹ ਪ੍ਰਗਟ ਹੋਣੋਂ ਨਹੀਂ ਰਹਿੰਦੇ, ਦੁਨੀਆਂ ਤੇ ਉੱਘੇ ਹੋ ਜਾਵਣ ॥
੫. ਭਗਤ ਹਰੀ ਦੀ ਭਗਤੀ ਕਰਕੇ, ਮੁਕਤ ਕਰੇ ਕਈਆਂ ਨੂੰ ਪਿਆਰੇ ॥
ਸਤਿਗੁਰ ਪ੍ਰਭ ਦੇ ਭਗਤ ਦੀ ਸੰਗਤ, ਨੂਰੀ ਕਈ ਹੋਰਾਂ ਨੂੰ ਤਾਰੇ ॥

## ਅਨੁਵਾਦ

੧. ਨਾਮ ਹਰੀ ਦਾ ਪਾਰਜਾਤ ਹੈ, ਜੋ ਪੂਰੀ ਹਰ ਕਰੇ ਮੁਰਾਦ ॥
ਇਛਿਆ ਪੂਰਕ ਕਾਮਧੇਨ ਇਹ, ਹਰੀ ਨਾਮੁ ਰੱਖੇ ਮਨ ਸ਼ਾਦ ॥
੨. ਸਭਨਾਂ ਤੋਂ ਇਹ ਉਤਮ ਪਿਆਰੇ, ਪ੍ਰਭ ਦੀਆਂ ਬਾਤਾਂ, ਪ੍ਰਭ ਦੀਆਂ ਗੱਲਾਂ ॥
ਨਾਮ ਹਰੀ ਦਾ ਸੁਣ ਕੇ ਪਿਆਰੇ, ਦੁਖ ਦਰਦ ਨੂੰ ਪੈਂਦੀਆਂ ਠੱਲ੍ਹਾਂ ॥
੩. ਨਾਮ ਪ੍ਰਭੂ ਦੀ ਸੋਭਾ ਪਿਆਰੇ, ਸੰਤ ਜਨਾਂ ਦੇ ਹਿਰਦੇ ਵੱਸੇ ॥
ਸੰਤ ਜਨਾਂ ਦੀ ਕ੍ਰਿਪਾ ਸਦਕੇ, ਦੁੱਖ ਪਾਪ ਬੰਦੇ ਦਾ ਨੱਸੇ ॥
੪. ਵੱਡੇ ਭਾਗੀਂ, ਹੀ ਮਿਲਦੀ ਹੈ, ਸੰਤ ਜਨਾਂ ਦੀ ਸੰਗਤ ਐ ਮਨ ॥
ਸੰਤ ਜਨਾਂ ਦੀ ਸੇਵਾ ਤੋਂ ਹੀ, ਨਾਮ ਪ੍ਰਭੂ ਦਾ ਹੁੰਦਾ ਸਿਮਰਨ ॥
੫. ਨਾਮ ਬਰਾਬਰ ਹੋਰ ਪਦਾਰਥ, ਜਗ ਤੇ ਨ ਕੋਈ ਨਜ਼ਰੀਂ ਆਵੇ ॥
ਸਤਿਗੁਰ ਦੇ ਸਨਮੁੱਖ ਹੋ ਕੇ ਹੀ, ਬੰਦਾ ਨਾਮ ਪ੍ਰਭੂ ਦਾ ਪਾਵੇ ॥

(ਚਲਦਾ)



www.AKJ.Org

## "ਐ ਦਿਮਾਗੀ ਰੌਸ਼ਨੀ ਤੂੰ ਹੀ ਮੇਰੇ ਲਈ ਮੁਸੀਬਤ ਬਣ ਗਈ"

ਭਾਈ ਨੰਦ ਲਾਲ ਜੀ ਦਾ ਜਨਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ੨੩ ਵਰ੍ਹੇ ਪਹਿਲਾਂ, ਪਟਨਾ ਤੋਂ ਦੂਰ ਉਸ ਗਜ਼ਨੀ ਵਿੱਚ ਹੋਇਆ, ਜਿਹੜਾ ਅੱਜ ਕਲ੍ਹ ਅਫ਼ਗਾਨਿਸਤਾਨ ਦਾ ਹਿੱਸਾ ਹੈ।ਉਨ੍ਹਾਂ ਦੇ ਪਿਤਾ ਦੀਵਾਨ ਛੱਜੂ ਰਾਮ ਜੀ ਗ਼ਜ਼ਨੀ ਦੇ ਮੀਰ ਮੁਨਸ਼ੀ ਸਨ। ਨੰਦ ਲਾਲ ਜੀ ਕਾਫ਼ੀ ਸਮੇਂ ਤੀਕ ਗ਼ਜ਼ਨੀ ਵਿੱਚ ਹੀ ਰਹੇ ਤੇ ਫੇਰ ਮੁਲਤਾਨ ਆ ਗਏ, ਜਿਥੇ ਉਹਨਾਂ ਨੇ ਆਪਣਾ ਮਕਾਨ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ। ਮੁਲਤਾਨ ਦੇ ਨਵਾਬ ਨੂੰ ਉਹਨਾਂ ਦੀ ਲਿਆਕਤ ਅਤੇ ਸਮਝਦਾਰੀ ਦਾ ਪਤਾ ਲੱਗਾ ਤਾਂ ਉਸ ਨੇ ਉਹਨਾਂ ਨੂੰ ਆਪਣਾ ਮੀਰ ਮੁਨਸ਼ੀ ਬਣਾ ਲਿਆ। ਪਰੰਤੂ ਉਹਨਾਂ ਦੇ ਮਨ ਵਿੱਚ ਬੈਰਾਗ ਜਾਗ ਪਿਆ ਅਤੇ ਉਹ ਆਪਣਾ ਘਰ-ਬਾਰ ਛੱਡ ਕੇ ਸੱਚੇ ਗਿਆਨ ਦੀ ਰੌਸ਼ਨੀ ਲੱਭਣ ਤੁਰ ਪਏ। ਅਨੰਦਪੁਰ ਪੁੱਜੇ ਤਾਂ ਕਿਸੇ ਨੂੰ ਉਹਨਾਂ ਆਪਣਾ ਨਾਂ ਨਹੀਂ ਦੱਸਿਆ। ਇਕ ਛੋਟਾ ਜਿਹਾ ਮਕਾਨ ਕਿਰਾਏ ਤੇ ਲੈ ਕੇ ਰਹਿਣ ਲੱਗ ਪਏ ਤੇ ਉਸ ਵਕਤ ਦੀ ਉਡੀਕ ਕਰਨ ਲੱਗੇ ਕਿ ਕਦ ਗੁਰੂ ਗੋਬਿੰਦ ਸਿੰਘ ਜੀ ਉਹਨਾਂ ਨੂੰ ਆਪਣੇ ਆਪ ਬੁਲਾ ਕੇ ਅਸਲੀ ਨਾਂ ਨਾਲ ਪੁਕਾਰਦੇ ਹਨ। ਉਸ ਬਨਾਵਟੀ ਨਾਂ ਨਾਲ ਨਹੀਂ, ਜਿਹੜਾ ਉਹਨਾਂ ਉਥੇ ਰੱਖਿਆ ਹੋਇਆ ਸੀ। ਤਾਂ ਫਿਰ ਇਕ ਦਿਨ ਉਹ ਵਕਤ ਆਣ ਪੁੱਜਾ। ਕੋਈ ਆਦਮੀ ਅਨੰਦਪੁਰ ਵਿੱਚ ਰਹੇ ਅਤੇ ਗੁਰੂ ਮਹਾਰਾਜ ਜੀ ਦੇ ਕੋਲ ਨਾ ਆਵੇ, ਇਵੇਂ ਤਾਂ ਹੁੰਦਾ ਹੀ ਨਹੀਂ ਸੀ। ਜਦ ਕਦੀ ਕੋਈ ਜਿੱਦੀ ਆਦਮੀ ਆ ਜਾਂਦਾ, ਗੁਰੂ ਮਹਾਰਾਜ ਜੀ ਉਸ ਨੂੰ ਆਪ ਬੁਲਾ ਲੈਂਦੇ ਹੁੰਦੇ ਸਨ। ਨੰਦ ਲਾਲ ਜੀ ਨੂੰ ਵੀ ਬੁਲਵਾਇਆ ਗਿਆ। ਉਹਨਾ ਨੂੰ ਵੇਖਦੇ ਸਾਰ ਹੀ ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਆਓ ਭਾਈ ਨੰਦ ਲਾਲਾ! ਕੱਦ ਤੋੜੀ ਛੁਪੇ ਰਹੋਗੇ?" ਅਤੇ ਨੰਦ ਲਾਲ ਨੂੰ ਇਉਂ ਪ੍ਰਤੀਤ ਹੋਇਆ ਕਿ ਹਰ ਪਾਸੇ ਇਕ ਨਵੀਂ ਰੌਸ਼ਨੀ ਜਾਗ ਪਈ ਹੈ, ਜਿਸ ਰੌਸ਼ਨੀ ਵਿੱਚ ਅੰਮ੍ਰਿਤ ਹੈ, ਰਾਗ ਬੇਅੰਤ, ਬਹਾਰਾਂ ਦੇ ਬੇਅੰਤ ਫੁੱਲ ਮੁਸਕਰਾ ਰਹੇ ਹਨ। ਭਾਈ ਨੰਦ ਲਾਲ ਜੀ ਫ਼ਾਰਸੀ ਜ਼ਬਾਨ ਦੇ ਉਚ ਕੋਟੀ ਦੇ ਕਵੀ ਸਨ, ਅਰਬੀ ਜ਼ਬਾਨ ਦੇ ਬਹੁਤ ਬੜੇ ਵਿਦਵਾਨ। ਪਰੰਤੂ ਅਨੰਦਪੁਰ ਵਿੱਚ ਜਿਹੜਾ ਉਹਨਾਂ ਨੂੰ ਆਤਮਿਕ ਆਨੰਦ ਮਿਲਿਆ, ਉਸ ਨੇ ਤਾਂ ਉਹਨਾਂ ਦੀ ਕਾਵਿ-ਰਚਨਾ ਨੂੰ ਚਾਰ ਚੰਨ ਲਾ ਦਿੱਤੇ। ਹਰ ਗ਼ਜ਼ਲ ਉਹ ਆਪਣੇ ਉਸ ਅਥਾਹ ਪਿਆਰ ਦੀ ਲਿਖਦੇ ਜਿਹੜਾ ਉਹਨਾਂ ਦੇ ਅੰਦਰੋਂ ਫੁਟ ਫੁਟ ਕੇ ਡੁੱਲ੍ਹ ਰਿਹਾ ਸੀ ਅਤੇ ਉਹਨਾਂ ਨੂੰ ਦੀਵਾਨਾ ਬਣਾ ਰਿਹਾ ਸੀ। ਹਰ ਗ਼ਜ਼ਲ ਆਪਣੇ ਉਸ ਪ੍ਰੀਤਮ ਦੀਆਂ ਸਿਫ਼ਤਾਂ ਨਾਲ ਭਰਪੂਰ ਹੁੰਦੀ, ਜਿਹੜਾ ਆਤਮਿਕ ਸੰਦੇਸ਼ ਸੁਨਾਂਦਾ, ਇਸ ਦੁਨੀਆਂ ਦੇ ਭੇਦਾਂ ਦੀਆਂ ਗੰਢਾਂ ਨੂੰ ਖੋਲ੍ਹਦਾ, ਹਰ ਪਾਸੇ ਰੌਸ਼ਨੀ ਖਿਲਾਰਦਾ ਚਲਿਆ ਜਾ ਰਿਹਾ ਸੀ।

ਇਕ ਦਿਨ ਗੁਰੂ ਮਹਾਰਾਜ ਜੀ ਨੇ ਆਖਿਆ, "ਨੰਦ ਲਾਲ ਜੀ! ਤੁਸੀਂ ਮੈਨੂੰ ਪਿਆਰ ਕਰਦੇ ਹੋ, ਅਤੇ ਵਾਹਿਗੁਰੂ ਨਾਲ ਪਿਆਰ ਕਰਦੇ ਹੋ, ਇਹ ਬੜੀ ਚੰਗੀ ਗੱਲ ਹੈ, ਪਰੰਤੂ ਇਉਂ....ਬੈਰਾਗੀ ਹੋ ਕੇ ਬੇਕਾਰ ਬੈਠੇ ਰਹਿਣਾ ਤਾਂ ਮੈਨੂੰ ਕੋਈ ਜੱਚਦਾ ਨਹੀਂ।" ਨੰਦ ਲਾਲ ਜੀ ਨੇ ਪੁੱਛਿਆ, "ਫੇਰ ਕਿੱਥੇ ਜਾਵਾਂ ਹਜ਼ੂਰ! ਤੁਹਾਡੇ ਤੋਂ ਦੂਰ ਜਾ ਕੇ ਮੈਨੂੰ ਚੈਨ ਤਾਂ ਮਿਲੇਗਾ ਨਹੀਂ।" ਗੁਰੂ ਜੀ ਬੋਲੇ, "ਕਿਧਰੇ ਵੀ ਚਲੇ ਜਾਵੋ, ਪਰੰਤੂ ਕੰਮ ਜ਼ਰੂਰ ਕਰੋ। ਤੁਹਾਡੇ ਵਰਗਾ ਵਿਦਵਾਨ ਆਦਮੀ ਹੱਥ ਤੇ ਹੱਥ ਧਰ ਕੇ ਇਉਂ ਬੈਠਾ ਰਵ੍ਹੇ ....ਮੈਨੂੰ ਪਸੰਦ ਨਹੀਂ।"

ਅਤੇ ਨੰਦ ਲਾਲ ਜੀ ਅਨੰਦਪੁਰ ਤੋਂ ਚੱਲ ਪਏ, ਆਗਰਾ ਪੁੱਜੇ, ਔਰੰਗਜ਼ੇਬ ਦੇ ਪੁੱਤਰ ਬਹਾਦਰ ਸ਼ਾਹ ਦੇ ਪਾਸ ਨੌਕਰ ਹੋ ਗਏ। ਬਹਾਦਰ ਸ਼ਾਹ ਨੇ ਉਹਨਾਂ ਨੂੰ ਆਪਣਾ 'ਮੀਰ ਮੁਨਸ਼ੀ' ਬਣਾ ਲਿਆ ਅਤੇ ਲਿਖਤ ਪੜ੍ਹਤ ਦਾ ਸਾਰਾ ਕੰਮ ਉਹਨਾਂ ਨੂੰ ਸੌਂਪ ਦਿੱਤਾ। ਨੰਦ ਲਾਲ ਜੀ ਸ਼ਹਿਜ਼ਾਦੇ ਵਲੋਂ ਚਿੱਠੀਆਂ ਲਿਖਦੇ ਤਾਂ ਇਉਂ ਲੱਗਦਾ ਜਿਉਂ ਇਲਮ, ਅਦਬ ਅਤੇ ਕਾਵਿ ਦੇ ਮੋਤੀ



www.AKJ.Org

ਖਲੇਰ ਰਹੇ ਹੋਣ । ਆਪ ਔਰੰਗਜ਼ੇਬ ਨੇ ਉਹਨਾਂ ਦੀਆਂ ਚਿੱਠੀਆਂ ਦੀ ਸਿਫ਼ਤ ਕੀਤੀ ਸੀ, ਪਰੰਤੂ "ਐ ਰੌਸ਼ਨੀਏ ਤੱਬਾ, ਤੂੰ ਬਰ ਮਨ ਬਲਾ ਸ਼ੁਦੀ ਵਾਲਾ ਮਾਮਲਾ ਹੋ ਗਿਆ । (ਐ ਮੇਰੀ ਦਿਮਾਗੀ ਰੌਸ਼ਨੀ ! ਤੂੰ ਹੀ ਮੇਰੇ ਲਈ ਮੁਸੀਬਤ ਬਣ ਗਈ) --ਨੰਦ ਲਾਲ ਜੀ ਦੀ ਲਿਆਕਤ ਹੀ ਇਕ ਦਿਨ ਉਹਨਾਂ ਵਾਸਤੇ ਮੁਸੀਬਤ ਬਣ ਗਈ । ਔਰੰਗਜ਼ੇਬ ਨੇ ਕੁਰਾਨ ਸ਼ਰੀਫ ਦੀ ਇਕ ਆਇਤ ਦੇ ਅਰਥ ਆਪਣੇ ਆਸ ਪਾਸ ਦੇ ਵਿਦਵਾਨਾਂ ਤੋਂ ਪੁੱਛੇ । ਸਭ ਨੇ ਆਪਣੀ ਤੁੱਛ ਬੁੱਧੀ ਅਨੁਸਾਰ ਅਰਥ ਦੱਸ ਦਿਤੇ ਪਰੰਤੂ ਬਾਦਸ਼ਾਹ ਦੀ ਤਸੱਲੀ ਨਾ ਹੋਈ । ਸ਼ਹਿਜ਼ਾਦਾ ਬਹਾਦਰ ਸ਼ਾਹ ਨੇ ਉਸ ਆਇਤ ਦੇ ਅਰਥ ਲਿਖੇ ਹੋਏ ਬਾਦਸ਼ਾਹ ਦੇ ਅੱਗੇ ਰੱਖ ਦਿੱਤੇ ਅਤੇ ਬਾਦਸ਼ਾਹ ਨੂੰ ਇਉਂ ਜਾਪਿਆ ਕਿ ਉਸ ਆਇਤ ਦੇ ਅਰਥ ਇਸ ਤੋਂ ਵਧੇਰੇ ਠੀਕ ਹੋ ਹੀ ਨਹੀਂ ਸਕਦੇ । ਜਦ ਉਸ ਨੂੰ ਪਤਾ ਲੱਗਾ ਕਿ ਇਹ ਲਿਖਤ ਭਾਈ ਨੰਦ ਲਾਲ ਜੀ ਦੀ ਹੈ, ਤਾਂ ਉਸ ਨੇ ਹੁਕਮ ਦਿੱਤਾ ਕਿ ਭਾਈ ਨੰਦ ਲਾਲ ਜੀ ਨੂੰ ਸਿਰੋਪਾ ਬਖਸ਼ਿਆ ਜਾਵੇ ਅਤੇ ਪੰਜ ਸੌ ਰੁਪਏ ਦਾ ਇਨਾਮ ਵੀ ।

ਪਰੰਤੂ ਔਰੰਗਜ਼ੇਬ ਤਾਂ ਔਰੰਗਜ਼ੇਬ ਹੀ ਸੀ । ਉਸ ਨੂੰ ਇਹ ਗੱਲ ਚੰਗੀ ਨਾ ਲੱਗੀ ਕਿ ਕੁਰਾਨ ਦਾ ਇਤਨਾ ਵੱਡਾ ਵਿਦਵਾਨ ਕੋਈ ਗ਼ੈਰ ਮੁਸਲਮਾਨ ਹੋਵੇ । ਆਪਣੇ ਪੁੱਤਰ ਨੂੰ ਬੁਲਾ ਕੇ ਉਸ ਨੂੰ ਕਿਹਾ ਕਿ "ਨੰਦ ਲਾਲ ਨੂੰ ਮੁਸਲਮਾਨ ਬਣਾਉ, ਸਿੱਧੀ ਤਰ੍ਹਾਂ ਨਾ ਮੰਨੇ ਤਾਂ ਸਖ਼ਤੀ ਕਰੋ ।"

ਨੰਦ ਲਾਲ ਜੀ ਨੂੰ ਇਸ ਗੱਲ ਦਾ ਪਤਾ ਲੱਗ ਗਿਆ । ਉਹ ਜਾਣਦੇ ਸਨ ਕਿ ਉਸ ਦਾ ਮਤਲਬ ਕੀ ਹੈ । ਸ਼ਹਿਜ਼ਾਦੇ ਜਾਂ ਕਿਸੇ ਹੋਰ ਨੂੰ ਖ਼ਬਰ ਦਿੱਤੇ ਬਿਨਾਂ ਹੀ ਉਹ ਆਪਣੇ ਇਕ ਮਿੱਤਰ ਗਿਆਸਉਲਦੀਨ ਦੇ ਨਾਲ ਆਗਰੇ ਤੋਂ ਨੱਠ ਗਏ ਅਤੇ ਫੇਰ ਪਹੁੰਚ ਗਏ ਅਨੰਦਪੁਰ ਸਾਹਿਬ, ਜਿਹੜਾ ਨਿਆਸਿਰਿਆਂ ਦਾ ਆਸਰਾ ਸੀ । ਅਨੰਦਪੁਰ ਪੁਜ ਕੇ ਉਹ ਗੁਰੂ ਮਹਾਰਾਜ ਦੇ ਦਰਬਾਰ ਵਿੱਚ ਹਾਜ਼ਰ ਹੋਏ । ਹੰਝੂ-ਭਰੀਆਂ ਅੱਖਾਂ ਨਾਲ ਗੁਰੂ ਜੀ ਵੱਲ ਤੱਕਿਆ ਅਤੇ ਸਿਰ ਝੁਕਾ ਦਿੱਤਾ । ਗਿਆਸਉਲਦੀਨ ਪਾਸ ਹੀ ਖਲੋਤਾ, ਜਿਉਂ ਦਾ ਤਿਉਂ ਹੀ ਖਲੋਤਾ ਰਿਹਾ ।

"ਗੁਰੂ ਕਿਹੜੇ ਹਨ ?" ਗਿਆਸਉਲਦੀਨ ਨੇ ਭਾਈ ਨੰਦ ਲਾਲ ਜੀ ਵੱਲ ਇਸ਼ਾਰਾ ਕਰਦਿਆਂ ਕਿਹਾ ।

"ਇਹ ਹਨ ਮੇਰੇ ਗੁਰੂ।" ਭਾਈ ਨੰਦ ਲਾਲ ਜੀ ਨੇ ਕਿਹਾ ।

ਦਰਬਾਰ ਵਿੱਚ ਬੈਠੇ ਇਕ ਸੱਜਣ ਆਲਮ ਸਿੰਗ ਨੂੰ ਇਹ ਗੱਲ ਬੁਰੀ ਲੱਗੀ । ਉਹ ਆਪਣੇ ਅਸਥਾਨ ਤੋਂ ਉਠਿਆ ਕਿ ਗਿਆਸਉਲਦੀਨ ਨੂੰ ਉਸਦੀ ਗ਼ਲਤੀ ਦਾ ਅਹਿਸਾਸ ਕਰਵਾਏ, ਪਰੰਤੂ ਗੁਰੂ ਜੀ ਨੇ ਉਸ ਨੂੰ ਰੋਕਦਿਆਂ ਹੋਇਆਂ ਕਿਹਾ, "ਤੂੰ ਸਮਝਿਆ ਨਹੀਂ ਆਲਮ ਸਿੰਘ ! ਨੰਦ ਲਾਲ ਜੀ ਮੇਰੇ ਹਨ ਅਤੇ ਗਿਆਸਉਲਦੀਨ ਹੈ - ਨੰਦ ਲਾਲ ਜੀ ਦਾ, ਇਸ ਲਈ ਇਹ ਦੋਵੇਂ ਮੇਰੇ ਹਨ ।"

ਉਸ ਤੋਂ ਮਗਰੋਂ ਭਾਈ ਨੰਦ ਲਾਲ ਜੀ ਅਨੰਦਪੁਰ ਤੋਂ ਕਿਧਰੇ ਗਏ ਨਹੀਂ, ਉਹਨਾਂ ਦਾ ਸੁਵਰਗ ਉਹਨਾਂ ਨੂੰ ਮਿਲ ਗਿਆ । ਉਹਨਾਂ ਦਾ ਪ੍ਰੀਤਮ ਉਹਨਾਂ ਨੂੰ ਮਿਲ ਗਿਆ, ਉਹਨਾਂ ਦੀ ਸ਼ਾਇਰੀ ਵਿੱਚ ਦਰਿਆ ਦੀ ਰਵਾਨੀ ਆ ਗਈ । ਮਾਰਫ਼ਤ ਦੇ ਅਜਿਹੇ ਗੀਤ ਉਹ ਗਾਉਣ ਲਗੇ, ਜਿਨ੍ਹਾਂ ਵਿੱਚ ਅੰਮ੍ਰਿਤ ਸੀ, ਮਸਤੀ ਸੀ ਅਜਿਹੀ ਖੁਮਾਰੀ ਸੀ ਜਿਹੜੀ ਇਕ ਵਾਰੀ ਚੜ੍ਹ ਜਾਵੇ, ਤਾਂ ਫਿਰ ਉਤਰਦੀ ਹੀ ਨਹੀਂ ।

('ਯੁਗ ਪੁਰਸ਼' 'ਚੋਂ ਧੰਨਵਾਦ ਸਹਿਤ)



www.AKJ.Org

# "Beware of False Guru" Warns Guru Nanak Dev ji

Dr. Meharban Singh

"Do not fall at the
feet of him who calls
himself a guru or Pir
and goes begging. "1

According to Guru Nanak Dev Ji, a false guru exploits others. He lives on the alms of his disciples. He decries those teachers who live on the alms and offerings of their disciples and others.

Generally, the people are surrounded by such false teachers. While describing the traits of a false guru (teacher). Guru Nanak has asked mankind to be cautions of such hypocrites. He says :

"By uttering false hood, man eats carrion,
Yet, he goes to admonish others.
Such appears to be the leader,
O' Nanak ! who himself is beguiled
and beguiles his companions."2

A false guru (teacher) exploits others. Not only he lives on the alms of his disciples but sells knowledge to them. Guru Nanak calls such a guru a 'Manmukh (self-willed), He says :

"The egoist sells his learning,
earning poison and consuming it. "3

Such a false teacher or guru does not devote his mind to the welfare of humanity, rather he is engaged in fruitless endeavours. Guru Nank depicts the personality of such teacher and asks mankind to beware of him :

"If the blind man be the leader,
how shall he knows the right way ?
Paltry is his understanding
He himself is cheated.
How can his followers know the way ?



www.AKJ.Org

How can he walk on the right way
and reach the Lord's mansion ?
Blind is the intellect of the blind man. "4

The discussion made till now confirms that it is very essential to select a true guru i.e. a real teacher. Guru Nanak asks the disciples first to see the commodity and then trade in it. And when one has to enter into the field of learning he should be very sure that the guru is of real worth. Otherwise "the disciples who have an ignorant guru cannot secure a respectful position. "5

The quality of any educational system depends to a large measure on securing well-educated, highly qualified and well-equipped teachers, steeped in learning, strong in character, with high ideals and devoted to spread knowledge. Such a teacher is capable to enlighten the mind of his disciple. This is very true, as Guru Nanak says :

"The Truth is realised
through a perfect guru.
It is through his words
that one can attain
awakening and enlightenment. "6

Ancient India was great. It had many places of pilgrimage and quite a number of seats of learning. And men from far off countries came here after facing many difficulties, because there were masters who regarded the persuit of knowledge and truth as the greatest aim of the life. They were eminent not only intellectually but were also spiritual torch-bearers, who enlightened other souls by thier spiritual power. Guru Nank wanted that a teacher should be a perfect one. He should possess ethical, moral and spiritual knowledge and philosphically he should be able to satisfy others. He should also be a psychologist to understand others. But above all he must be dedicated to the goodness of all without any distinction.

"Saith Nanak : The guru is like
a tree of contentment and forbearance ;
Righteousness is its flower,
Enlightenment the fruit. "7

If education has to be rebuilt and restructured on national lines, the quality of teachers must be taken into account. Only those teachers should be appointed in educational institutions, who are really intelligent, industrious, active, bold, honest,



www.AKJ.Org

upright and sympathetic. If the teachers possess these qualities, it will be easy for them to inspire thier pupils or disciples and can inculcate these qualities in them. They must also realize the truth that mere tall talks do not solve any problem. Their all activities must be based upon practice and examples. A little amount of honest practice out wieghs tons of tall talks. Practically precept has not value unless it is backed by examples.

In India the current system of education gives a very poor picture about the qualities of the teachers. At present education is equated with academic knowledge only. It is believed that persons who are qualified can impart knowledge and are fit to become teachers. Their character is not judged and it is a matter of concern

If education is to be improved, and to be based on strong foundation, efforts must be made to change redically this sorry state of things. It must be remembered that the real goal of education is man-making and character building. Hence it is the moral duty and responsibility of the teachers that they should not only efficient in imparting academic knowledge according to modern methods, but they must also be competent enough to stirup the noble instincts of the disciples. Therefore, a really competent teacher must have a good quality of teaching and at the same time should be able to build up thier character. Guru Nanak says :

> "The egoist sells his learning,
> Earning poison and consuming it. "8

Guru Nanak here criticized such a teacher who,does not perform his duty honesty. He also speaks of the qualities of a good teacher which are well accepted by the modern psychology of education. It tells us that a teacher who has already proved himself to be a man of blazing character, to be a man who has got complete freedom from commercial taint, has the capacity to command respect and admiration from the students and helps them considerably in thier way of unfolding perfection that is already in them. Only such teachers are most suitable to inculcate, in the pupils, an attitude of voluntary submission which is essential for their development in right direction. Guru Nanak in the following lines conforms the real character and quality of a perfect guru :

> "The self turned charred
> iron, can again turn gold,
> Should such a guru be met. "9



www.AKJ.Org

## NOTES :

1 Gur (u) pir (u) sadae mangan jae.
Ta kai mool (i) na lagiai pae.
*G.G.S., Rag Sarang, P. 1245.*

2 Koor (u) bol (i) murdar (u) khae.
Avri no samjhavan (i) jae.
Mutha ap (i) muhae sathai
Nanak aisa agu japai.
*G.G.S., Rag Majh, P. 140.*

3/8 Manmukh (u) bidia bikrada
bikh (u)khate bikh (u)khae.
*G.G.S., Rag Ramkali, P. 938.*

4 Andha agu je thiai kiu padhar (u) janai.
Ap (i) musai mat (i) hochhiai kiu rah (u) pachhanai.
Kiu rah (i)janai mahal (u) pavai andh ki mat (i) andhli.
*G.G.S., Rag Suhi, P. 767.*

5 Guru jina ka andhula chele nahi thau.
*G.G.S., Rag Siri, P. 58.*

6 Pure gur te sach (u) kamavai
gat (i) mit (i) sabade pai.
*G.G.S., Rag Ramkali, P. 940.*

7 Nanak gur (u) Santokh (u) rukh (u)
dharam (u) phul (u) phal gian (u).
*G.G.S., Rag Majh, P. 147.*

9 Bhaia manur (u) kanchan (u)
phir (i) hovai je gur (u) milai tineha.
*G.G.S., Rag Maru, P. 990.*

✧✧✧



www.AKJ.Org

# "ਸਾਬਤ ਸੂਰਤਿ ਦਸਤਾਰ ਸਿਰਾ" ਲੇਖ ਵਿੱਚ ਪਾਏ ਭੁਲੇਖੇ ਸਬੰਧੀ ਵਿਚਾਰ

ਰੋਜ਼ਾਨਾ 'ਅਜੀਤ' ਦੀ ੨੦ ਅਗਸਤ ੨੦੦੧ ਵਾਲੀ ਛਾਪ ਵਿੱਚ 'ਧਰਮ ਤੇ ਵਿਰਸਾ' ਵਾਲੇ ਭਾਗ ਦੇ ਪੰਨਾ ੪ ਉਤੇ ਡਾ. ਮਾਨ ਸਿੰਘ ਨਿਰੰਕਾਰੀ ਦਾ ਇਕ ਛੋਟਾ ਜਿਹਾ ਲੇਖ 'ਸਾਬਤ ਸੂਰਤਿ ਦਸਤਾਰ ਸਿਰਾ' ਦੇ ਸਿਰਲੇਖ ਹੇਠ ਛਪਿਆ ਹੈ । ਇਹ ਲੇਖ ਕੁਝ ਭੁਲੇਖਾ ਪਾਊ ਹੈ । ਇਸ ਲੇਖ ਬਾਰੇ ਗੁਰਮਤਿ ਅਨੁਸਾਰ ਸਹੀ ਸੇਧ ਦੇਣੀ ਤੇ ਸੋਧ ਕਰਨੀ ਅਤਿ ਜ਼ਰੂਰੀ ਹੈ।

ਲਿਖਾਰੀ ਦੱਸਦਾ ਹੈ ਕਿ ਗਿਆਨੀ ਕ੍ਰਿਪਾਲ ਸਿੰਘ ਜੋ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦੇ ਨਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਰਹਿ ਚੁਕੇ ਸਨ, ਆਪਣੀ ਧਰਮ ਪਤਨੀ ਸਮੇਤ ਉਨ੍ਹਾਂ ਦੇ ਗ੍ਰਹਿ ਵਿਖੇ ਜਦੋਂ ਪਧਾਰੇ ਤਾਂ ਲਿਖਾਰੀ ਨੇ "ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ" ਦੇ ਅਰਥਾਂ ਬਾਰੇ ਗਿਆਨੀ ਹੁਰਾਂ ਪਾਸੋਂ ਪੁਛਣਾ ਕੀਤੀ ਤਾਂ ਉਨ੍ਹਾਂ ਨੇ ਸੰਕੋਚ ਕਰਦਿਆਂ ਲਿਖਾਰੀ ਨੂੰ ਹੀ ਆਪਣੇ ਵਿਚਾਰ ਦੱਸਣ ਨੂੰ ਕਿਹਾ । ਡਾ. ਜੀ ਨੇ ਕਿਹਾ ਕਿ "ਮਨ ਨਾਪਾਕ ਹੈ, ਉਸਨੂੰ ਪਾਕ ਕਰਨ ਨਾਲ ਹੀ ਅਧਿਆਤਮਕ ਪ੍ਰਾਪਤੀ ਹੁੰਦੀ ਹੈ, ਇਹੀ ਸੱਚੀ ਹਦੀਸ ਹੈ" । ਉਨ੍ਹਾਂ ਅਨੁਸਾਰ ਹਦੀਸ ਕੁਰਾਨ ਸ਼ਰੀਫ ਤੋਂ ਦੂਜੇ ਦਰਜੇ ਦੀ ਅਸਲਾਮੀ ਪੁਸਤਕ ਹੈ । ਅੱਗੇ ਇਸ ਭਾਵ ਨੂੰ ਪ੍ਰਗਟਾਇਆ ਗਿਆ ਹੈ ਕਿ ਮਨੁੱਖੀ ਸਾਬਤ ਸੂਰਤ ਇੱਕ ਰੱਬੀ ਦਾਤ ਸਿਰਪਾਉ ਹੈ । ਇਸ ਪ੍ਰਕਾਰ ਦੇ ਵਿਚਾਰ ਸੁਣ ਕੇ ਗਿਆਨੀ ਜੀ ਦੀ ਪਤਨੀ ਬਹੁਤ ਪ੍ਰਸੰਨ ਹੋਈ ਅਤੇ ਦੱਸਣ ਲੱਗੀ ਕਿ "ਗਿਆਨੀ ਜੀ ਉਪਰ ਭਿੰਡਰਾਂ ਵਾਲੇ ਜੱਥੇ ਦਾ ਬਹੁਤ ਪ੍ਰਭਾਵ ਹੈ, ਜਿਸਦੇ ਕਾਰਨ ਕੁਝ ਸਮੇਂ ਤੋਂ ਉਹ ਮੈਨੂੰ ਮਜਬੂਰ ਕਰ ਰਹੇ ਸਨ ਕਿ ਮੈਂ ਦਸਤਾਰ ਸਜਾਵਾਂ । ਤੁਸਾਂ ਚੰਗਾ ਕੀਤਾ ਹੈ ਕਿ ਦਸਤਾਰ ਰੂਪੀ ਭਰਮ-ਭੁਲੇਖੇ ਦੀ ਵਿਆਖਿਆ ਕਰਕੇ ਠੀਕ ਰਾਹ ਦੱਸਣ ਦੀ ਕ੍ਰਿਪਾਲਤਾ ਕੀਤੀ ਹੈ" । ਗਿਆਨੀ ਜੀ ਵੀ ਮੁਸਕਰਾ ਪਏ ਤੇ ਉਨ੍ਹਾਂ ਨੇ ਕੋਈ ਹੋਰ ਬਚਨ ਨਹੀਂ ਕੀਤਾ।

ਬੀਬੀ ਜੀ ਵਲੋਂ ਪ੍ਰਗਟਾਈ ਉਪ੍ਰੋਕਤ ਕਥਨੀ ਤੋਂ ਸਾਬਤ ਹੁੰਦਾ ਹੈ ਕਿ ਗਿਆਨੀ ਜੀ ਬੀਬੀ ਨੂੰ ਦਸਤਾਰ ਸਜਾਉਣ ਲਈ ਕਹਿੰਦੇ ਸਨ ਅਤੇ ਉਹ ਗੁਰਬਾਣੀ ਦੀ ਉਪ੍ਰੋਕਤ ਤੁਕ 'ਸਾਬਤ ਸੂਰਤਿ ਦਸਤਾਰ ਸਿਰਾ' ਦਾ ਸਹਾਰਾ ਲੈਂਦੇ ਸਨ । ਡਾਕਟਰ ਜੀ ਵਲੋਂ ਕੀਤੀ ਵਿਆਖਿਆ ਬੀਬੀ ਜੀ ਨੂੰ ਰਾਸ ਆਈ ਅਤੇ ਉਹ ਆਪਣੀ ਦਸਤਾਰ ਨਾ ਸਜਾਉਣ ਦੀ ਅੜੀ ਤੇ ਕਾਇਮ ਰਹੇ । ਹੁਣ ਵਿਚਾਰਨਯੋਗ ਬਾਤ ਇਹ ਹੈ ਕਿ ਡਾਕਟਰ ਜੀ ਦੀ ਵਿਚਾਰ ਕਿਸ ਹੱਦ ਤੱਕ ਠੀਕ ਜਾਂ ਪਰਵਾਣ ਕਰਨਯੋਗ ਹੈ ।

ਇਸ ਵਿਚਾਰ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਮਲੀਨ ਮਨ ਨੂੰ ਵਿਕਾਰਾਂ ਦੀ ਮੈਲ ਤੋਂ ਹੀਨ ਅਥਵਾ ਪਾਕ ਹੋਣਾ ਚਾਹੀਦਾ ਹੈ ਪਰ ਬਿਮਾਰ ਬੰਦੇ ਨੂੰ ਕਹੀਏ ਕਿ ਤੇਰੀ ਬੀਮਾਰੀ ਦੂਰ ਹੋਣੀ ਚਾਹੀਦੀ ਹੈ, ਤੂੰ ਰੋਗ ਰਹਿਤ ਹੋ, ਇਹੀ ਤੈਨੂੰ ਹਦਾਇਤ ਹੈ, ਸਿਖਿਆ ਹੈ, ਇਸ ਨਾਲ ਕੋਈ ਗੱਲ ਨਹੀਂ ਬਣਦੀ । ਮੈਲੇ ਜਾਂ ਰੋਗੀ ਮਨ ਦਾ ਰੋਗ-ਮਲ ਤੋਂ ਰਹਿਤ ਹੋ ਕੇ ਅਰੋਗ ਜਾਂ ਤੰਦਰੁਸਤ ਹੋਣਾ ਤਾਂ ਦਰੁਸਤ ਹੈ ਪਰ ਉਪਰਾਲਾ, ਉਪਚਾਰ ਜਾਂ ਅਉਸ਼ਧੀ ਵੀ ਤਾਂ ਸਿਆਣਾ ਵੈਦ ਜਾਂ ਡਾਕਟਰ ਦਸੇਗਾ ਅਤੇ ਕਰੇਗਾ ।

ਸਾਧਾਰਣ, ਸੂਧੇ ਅਤੇ ਸਿਧੇ ਸਾਦੇ ਮਨੁੱਖ ਨੂੰ ਸੁਆਦ, ਜਾਂ ਚਸਕੇ ਜਿਵੇਂ ਚੰਗੇ ਲਗਦੇ ਹਨ, ਤਿਵੇਂ ਮਨੁੱਖੀ ਮਨ ਨੂੰ ਪਾਪ, ਵਿਕਾਰ ਆਪਣੇ ਵੱਲ ਖਿੱਚ ਪਾਂਦੇ ਹਨ, ਅਤੇ 'ਪਾਪਬੁਰਾਪਾਪੀਕਉਪਿਆਰਾ' ਲੱਗਦਾ ਹੈ, ਜਿਸ ਕਾਰਣ ਉਹ ਜੀਵਨ ਭਰ ਪਾਪਾਂ ਦਾ ਪਸਾਰਾ ਕਰਦਾ ਕਈਆਂ ਪਾਪਾਂ ਦੇ ਭਾਰ ਨਾਲ ਲੱਦਿਆ ਸੰਸਾਰ ਤੋਂ ਰਵਾਨਾ ਹੋ ਜਾਂਦਾ ਹੈ । ਇਸ ਤਰ੍ਹਾਂ ਹੀ ਸੰਸਾਰ ਪਾਪਾਂ ਦੀ ਪਕੜ ਜਕੜ ਵਿੱਚ ਆਇਆ ਹਾਹਾਕਾਰ ਕਰ ਰਿਹਾ ਸੀ, ਪ੍ਰਭੂ ਨੇ ਪੁਕਾਰ ਸੁਣੀ, ਉਸਨੂੰ ਤਰਸ ਆਇਆ, ਪਾਪ ਰੰਗ ਵਿੱਚ ਵਿਲਕਦੇ ਸੰਸਾਰ ਨੂੰ ਨਾਮ ਦਾਰੂ ਦੇਕੇ ਠੰਢਾ ਪਾਉਣ ਲਈ ਵੈਦ ਗੁਰੂ ਨੂੰ ਭੇਜਿਆ । ਉਸ ਨੇ ਰੋਗ ਦੀ ਨਿਰੀ ਨਿਸ਼ਾਨ-ਦੇਹੀ ਹੀ ਨਹੀਂ ਕੀਤੀ ਸਗੋਂ ਧੁਰੋਂ ਲਿਆਂਦੀ ਨਾਮ-ਅਉਸ਼ਧੀ ਅਭਿਲਾਸ਼ੀ ਅਧਿਕਾਰੀਆਂ ਵਿੱਚ ਵਰਤਾ ਕੇ ਅਲੋਪ ਹੋਣ ਤੋਂ ਪਹਿਲਾਂ ਸਦੀਵੀ ਸੁਖ ਦਾ ਸੋਮਾ ਜਾਰੀ ਕਰ ਦਿੱਤਾ । ਹੁਣ ਇਹ ਸੋਮਾ ਜਾਂ ਚਸ਼ਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਵਿੱਚ ਪੰਚ ਪਰਵਾਣ ਜਨਾਂ ਦੀ ਦੇਖ ਰੇਖ ਵਿੱਚ ਸਦੀਵ ਕਾਲ ਲਈ ਚਲਦਾ ਰਹੇਗਾ । ਇਸ ਆਬੇ-ਹਯਾਤ ਦੇ ਚਸ਼ਮੇ ਤੋਂ ਵਰੋਸਾਉਣ ਲਈ



www.AKJ.Org

ਹਰ ਅਭਿਲਾਸ਼ੀ ਲਈ ਸ਼ੁਧ ਮਨ ਸੇਤੀ ਪੰਜਾਂ ਦੇ ਪੇਸ਼ ਸ਼ਰਤ ਹੈ । ਸ਼ੁੱਧ ਮਨ ਦੀ ਪਹਿਲੀ ਕਸਵੱਟੀ ਹੈ, ਸਾਬਤ ਸੂਰਤ ਹੋਣਾ, ਭਾਵ ਰੱਬ ਦੇ ਦਿੱਤੇ ਸਰੀਰ ਨੂੰ ਅਣਛੇਦ ਰੱਖਣਾ, ਸਰੀਰ ਦੇ ਕਿਸੇ ਹਿੱਸੇ ਤੋਂ ਰੋਮਾ ਦੀ ਬੇ-ਅਦਬੀ ਨਾ ਕਰਨੀ ਅਤੇ ਸਰੀਰ ਦੇ ਸ਼ਰੋਮਣੀ ਅੰਗ ਸੀਸ ਨੂੰ ਘਟੋ-ਘਟ ਛੋਟੀ ਦਸਤਾਰ ਨਾਲ ਢੱਕ ਕੇ ਰੱਖਣਾ, ਇਹ ਦੂਸਰੀ ਸ਼ਰਤ ਹੈ, ਸਬੂਤ ਹੈ, ਮਨ ਸ਼ੁਧ ਕਰਨ ਦੀ ਇੱਛਾ ਰੱਖਣ ਵਾਲੇ ਅਭਿਲਾਸ਼ੀ ਲਈ । ਇਹ ਦੋਵੇਂ ਧੁਰੋਂ ਆਈਆਂ, ਗੁਰੂ ਫੁਰਮਾਈਆਂ ਗੁਰੂ ਪ੍ਰਗਟਾਈਆਂ ਹਦੀਸਾਂ ਹਨ ।

ਜਿਸ ਤਰ੍ਹਾਂ ਕਿ ਕਥਿਤ ਲੇਖ ਵਿੱਚ ਕਿਹਾ ਹੈ ਕਿ ਹਦੀਸ ਕੁਰਾਨ ਸ਼ਰੀਫ ਤੋਂ ਹੇਠਾਂ ਜਾਂ ਦੂਜੇ ਦਰਜੇ ਦੀ ਇਸਲਾਮੀ ਪੁਸਤਕ ਹੈ । ਇਹ ਬਿਆਨ ਬਿਲਕੁਲ ਗਿਆਨ-ਹੀਣਾ ਅਤੇ ਗਲਤ ਹੈ । ਹਦੀਸ ਕੋਈ ਵੀ ਇਸਲਾਮੀ ਪੁਸਤਕ ਨਹੀਂ । ਹਾਂ, ਹਦੀਸ ਦਾ ਅਰਥ ਹੈ : ਗੱਲ-ਬਾਤ, ਕਥਾ-ਕਹਾਣੀ । ਕੁਰਾਨ ਸ਼ਰੀਫ ਜਿਵੇਂ ਮੁਸਲਮਾਨਾ ਲਈ ਅਲਹ ਵਲੋਂ ਮੁਹੰਮਦ ਸਾਹਿਬ ਤੇ ਨਾਜ਼ਲ ਹੋਈ ਬਾਣੀ ਦਾ ਸਮੂਹ ਹੈ, ਇਸ ਤਰ੍ਹਾਂ ਮੁਹੰਮਦ ਸਾਹਿਬ ਦੇ ਸਾਧਾਰਣ ਵਾਰਤਾਲਾਪ ਵਿੱਚ ਕੀਤੇ ਬਚਨ ਜਾਂ ਵੱਖ ਵੱਖ ਸਮਿਆਂ ਵਿੱਚ ਕੀਤੇ ਕਰਮ ਹਰ ਮੁਸਲਿਮ ਲਈ ਹਦੀਸਾਂ ਹਨ । ਪੈਗੰਬਰਿ-ਇਸਲਾਮ ਦਾ ਹਰ ਬੋਲ ਅਤੇ ਹਰ ਕੰਮ ਵੱਖ ਵੱਖ ਹਦੀਸ ਹੈ । ਬੋਲ ਨੂੰ ਅਰਬੀ ਵਿੱਚ ਕੌਲ ਅਤੇ ਕਰਮ ਨੂੰ ਫਿਅਲ ਕਹਿੰਦੇ ਹਨ । ਉਨ੍ਹਾਂ ਦਾ ਹਰ ਬੋਲ ਕੌਲੀ ਹਦੀਸ ਹੈ ਅਤੇ ਹਰ ਕਰਮ ਫਿਅਲੀ ਹਦੀਸ ਹੈ । ਇਸੇ ਤਰ੍ਹਾਂ ਭਰੋਸੇਯੋਗ ਬਾਤ ਸਹੀ ਹਦੀਸ ਹੈ ਅਤੇ ਨਾ ਕਾਬਲਿ-ਇਤਬਾਰ ਬਾਤ ਸ਼ਕੀ ਜਾਂ ਜ਼ਈਫ ਹਦੀਸ ਹੈ ।

ਚਰਚਾ ਵਿੱਚ ਆਏ ਵਾਕ ਵਿੱਚ 'ਸਾਬਤ ਸੂਰਤਿ' ਅਤੇ 'ਦਸਤਾਰ ਸਿਰਾ' ਨੂੰ ਹਦੂਰੀ ਹਦੀਸਾਂ ਕਿਹਾ ਹੈ । ਹਦੀਸਾ ਪਾਠ ਨਹੀਂ ਕਰਨਾ, ਹਦੀਸਾਂ ਕਰਨਾ ਹੈ । ਗੁਰਮੁੱਖਾਂ ਨੂੰ ਇਸ ਲਫਜ਼ ਨਾਲ ਬਿੰਦੀ ਉਚਾਰਣੀ ਚਾਹੀਏ, ਜਿਵੇਂ "ਰੀਸਾ ਕਰਹਿ ਤਿਨਾੜੀਆ" ਵਿੱਚ ਰੀਸਾ ਪਾਠ ਨਹੀਂ ਰੀਸਾਂ ਹੈ । ਪੰਚਮ ਪਾਤਸ਼ਾਹ ਨੇ ਇਸ ਵਾਕ ਵਿਚ ਇਕ ਹਦੀਸ ਦਾ ਨਹੀਂ ਦੋਂਹ ਦਾ ਜ਼ਿਕਰ ਕੀਤਾ ਹੈ । ਉਂਜ ਅਰਬੀ ਬੋਲੀ ਵਿਚ ਹਦੀਸ ਦਾ ਬਹੁ-ਵਚਨ ਸ਼ਬਦ ਵਰਤਿਆ ਹੈ । ਜਿਵੇਂ ਸਿੱਖ ਧਰਮ ਵਿਚ 'ਰਹਿਤਨਾਮੇ' ਪਰਚਲਿੱਤ ਹਨ, ਤਿਵੇਂ ਮੁਸਲਮਾਨਾਂ ਵਿਚ 'ਹਦੀਸਾਂ' ਦੀ ਪੁਜ਼ੀਸ਼ਨ ਹੈ । ਇਹ ਅਨੇਕਾਂ ਹੋ ਸਕਦੀਆਂ ਹਨ । ਜਿਵੇਂ ਕਿ ਜ਼ਿਕਰ ਕੀਤਾ ਜਾ ਚੁਕਾ ਹੈ, ਗੁਰੂ ਮਹਾਰਾਜ ਨੇ 'ਹਦੂਰਿ' ਪਦ, 'ਹਦੀਸਾਂ' ਦਾ ਵਿਸ਼ੇਸ਼ਣ ਬਣਾ ਕੇ ਵਰਤਿਆ ਹੈ । ਭਾਵ ਹੈ 'ਹਦੂਰੀ ਹਦੀਸਾਂ', ਐਸੀਆਂ ਹਦੀਸਾਂ ਜਿਨ੍ਹਾਂ ਦੇ ਸਹੀ ਹੋਣ ਬਾਰੇ ਕੋਈ ਸੰਸਾ ਨਹੀਂ ਕੀਤਾ ਜਾ ਸਕਦਾ ।

ਪੰਥ ਵਿੱਚ ਇਹ ਦੋਵੇਂ ਰਹਿਤਾਂ 'ਸਾਬਤ ਸੂਰਤ' ਅਤੇ 'ਦਸਤਾਰ ਸਿਰਾ' ਪੁਰਾਤਨ ਸਮੇਂ ਤੋਂ ਹੀ ਜ਼ੋਰ ਸ਼ੋਰ ਨਾਲ ਪ੍ਰਚਲਿਤ ਸਨ । ਸਮੁੰਦਰੋਂ ਪਾਰੋਂ ਆਏ ਇਤਿਹਾਸਕਾਰ ਮੈਕਾਲਿਫ ਨੇ ਇਸ ਗਲ ਦੀ ਠੋਕ ਵਜਾ ਕੇ ਗਵਾਹੀ ਭਰੀ ਹੈ ਕਿ ਸਿੱਖ ਬੀਬੀਆਂ ਦੇ ਸੀਸ ਦਸਮ-ਦੁਆਰੀ ਜੂੜੇ ਉਤੇ ਦਸਤਾਰ ਨਾਲ ਸ਼ੋਭਦੇ ਹਨ । ਅਕਾਲ ਤਖ਼ਤ ਅਤੇ ਹੋਰ ਗੁਰਦੁਆਰੇ ਜਦੋਂ ਪੰਥ ਦੇ ਹੱਥ ਆਏ, ਤਾਂ ਸਾਰੀਆਂ ਬੀਬੀਆਂ ਨੂੰ ਦਸਤਾਰ ਦੀ ਰਹਿਤ ਨਾਲ ਹੀ ਅੰਮ੍ਰਿਤ ਦੀ ਦਾਤ ਦਿੱਤੀ ਜਾਂਦੀ ਸੀ । ਸਮਾਂ ਪਾ ਕੇ, ਮੁਖੀ ਸੇਵਾਦਾਰਾਂ ਅਤੇ ਜਥੇਦਾਰਾਂ ਰਾਹੀਂ ਬੀਬੀਆਂ ਨੂੰ ਦਸਤਾਰ ਦੀ ਛੋਟ ਦੇ ਦਿੱਤੀ ਗਈ । ਬੀਬੀਆਂ ਦੀ ਗੱਲ ਤਾਂ ਕਿਨਾਰੇ ਰਹਿ ਗਈ, ਹੁਣ ਤਾਂ ਨਰ ਮਨੁੱਖਾਂ, ਵੱਡੇ ਵੱਡੇ ਬੱਚਿਆਂ ਨੂੰ ਵੀ ਪਟਕਿਆਂ ਨਾਲ ਹੀ ਇਹ ਅਮੋਲਕ ਦਾਤ ਵਰਤਾ ਦਿੱਤੀ ਜਾਂਦੀ ਹੈ ।

ਮੈਲਾ ਵਿਕਾਰੀ ਮਨ ਗੱਲਾਂ ਨਾਲ ਸ਼ੁਧ ਨਹੀਂ ਹੋਣਾ । ਜਿਥੇ ਵੀ ਗੁਰਬਾਣੀ ਮੈਲੇ ਮਨ ਦੀ ਗੱਲ ਕਰਦੀ ਹੈ, ਉਥੇ ਮਨ ਨੂੰ ਸਾਫ਼ ਕਰਨ ਦਾ ਉਪਰਾਲਾ ਜ਼ਰੂਰ ਦੱਸਦੀ ਹੈ, ਜਿਵੇਂ :

"ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥" (ਪੰਨਾ ੫)

"ਮਨੁ ਮੈਲਾ ਵੇਕਾਰੁ ਹੋਵੈ ਸੰਗਿ ਪਾਕੁ ॥" (ਪੰਨਾ ੯੫੯)

"ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ ॥" (ਪੰਨਾ ੭੯੧)

ਗਿਆਨੀ ਕ੍ਰਿਪਾਲ ਸਿੰਘ ਜੀ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਸ਼ਾਇਦ ਇਸੇ ਲਈ ਸੰਕੋਚ ਕਰ ਗਏ, ਕਿਉਂਕਿ ਉਨ੍ਹਾਂ ਨੇ ਇਹ ਬਾਤ ਵਿਚਾਰ ਲਈ ਹੋਣੀ ਏ, **"ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥"**

**ਮਾਸਟਰ ਜਸਵੰਤ ਸਿੰਘ**

੫੪੨, ਈਸਟ ਮੋਹਨ ਨਗਰ, ਅੰਮ੍ਰਿਤਸਰ



www.AKJ.Org

# ਕੌੜੇ ਮਿੱਠੇ ਬੋਲ

ਗਿ: ਰਣਧੀਰ ਸਿੰਘ 'ਮਹਿਕ'

ਰੁੱਖੇ ਫਿੱਕੇ ਬੋਲਾਂ ਰਾਹੀਂ, ਮਨ-ਕਉਲਾ ਮੁਰਝਾਵੇ।
ਮਿੱਠੇ ਪਿਆਰੇ ਬੋਲਾਂ ਦੇ ਸੰਗ, ਤਨ-ਬੂਟਾ ਲਹਿਰਾਵੇ।
ਮਿੱਠੇ ਬੋਲ ਨੇ ਤੱਤ ਗੁਣਾਂ ਦਾ, ਗੁਰੂ ਨਾਨਕ ਜੀ ਕਹਿੰਦੇ,
ਮਿੱਠਤ-ਨੀਵੀਂ ਜਿੱਥੇ ਹੁੰਦੀ, ਉੱਥੇ ਖੇੜਾ ਆਵੇ।

ਰੁੱਖੇ-ਕੌੜੇ ਬੋਲ ਜੋ ਹੁੰਦੇ, ਦੂਜਿਆਂ ਤਾਈਂ ਸਤਾਉਂਦੇ।
ਅੰਮ੍ਰਿਤ-ਭਿੰਨੇ ਬੋਲ ਰਸੀਲੇ, ਦੂਜਿਆਂ ਨੂੰ ਨਸ਼ਿਆਉਂਦੇ।
ਕੌੜ ਕੁਸੈਲੇ ਬੋਲ ਤਿਜ਼ਾਬੀ, ਜ਼ਖਮ ਦਿਲਾਂ 'ਤੇ ਕਰਦੇ,
ਜਿਹੜੇ ਬੋਲ ਨੇ ਮਾਖਿਓਂ-ਭਿੰਨੇ, ਮਲ੍ਹਮ ਦਿਲਾਂ 'ਤੇ ਲਾਉਂਦੇ।

ਰੁੱਖੇ ਬੋਲੀਂ ਦੂਸ਼ਤ ਹੁੰਦੈ, ਵਾਤਾਵਰਣ ਸੁਹਾਣਾ।
ਮਿੱਠੇ ਬੋਲੀਂ ਪਿਆਰ ਵਧਾਵੇ, ਹੈ ਕੋਈ ਜੇਕਰ ਸਿਆਣਾ।
ਕੰਮ ਸੁਆਰਨ ਆਪਣੇ ਸਾਰੇ, ਮਿੱਠਾ ਬੋਲਣ ਜਿਹੜੇ,
'ਮਹਿਕ' ਪਿਆਰਾਂ ਖੁਸ਼ੀਆਂ ਵਿਚੋਂ, ਉਹ ਵੰਡਣ ਮੁਸਕਾਣਾਂ।

✦✧✦



www.AKJ.Org

# ਗੁਰੂ ਰਾਮਦਾਸ ਜੀ ਅਤੇ ਸ੍ਰੀ ਅੰਮ੍ਰਿਤਸਰ

ਪ੍ਰੋ: ਪ੍ਰਕਾਸ਼ ਸਿੰਘ

ਸ੍ਰੀ ਗੁਰੂ ਰਾਮਦਾਸ ਜੀ ਇਕ ਮਹਾਨ ਪਵਿੱਤਰ ਆਤਮਾ ਸਨ । ਉਹ ਇਕ ਪੂਰਨ ਸਤਿਗੁਰੂ ਅਮਰਦਾਸ ਜੀ ਦੇ ਅਨਿੰਨ ਤੇ ਨਿਸ਼ਕਾਮ ਸੇਵਕ ਸਨ । ਉਹ ਇਕ ਅਰਸ਼ੀ ਢਾਡੀ ਅਤੇ ਉੱਚ ਕੋਟੀ ਤੇ ਕਮਾਲ ਦੇ ਰੱਬੀ ਕਵੀ ਸਨ । ਨਾਲ ਹੀ ਉਹ ਬਹੁਤ ਵੱਡੇ ਸਮਾਜ-ਸੁਧਾਰਕ ਤੇ ਉਸਰੱਈਏ ਵੀ ਸਨ । ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਦੇ ਦਰਸਾਏ ਹੋਏ ਮਾਰਗ 'ਤੇ ਚਲਦੇ ਹੋਏ ਆਪ ਨੇ ਕਈ ਪੱਖੋਂ ਸਮਾਜਿਕ ਪਰਿਵਰਤਨ ਲਿਆਂਦਾ । ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਸ੍ਰੀ ਅੰਮ੍ਰਿਤਸਰ ਦੀ ਨੀਂਹ ਰੱਖੀ ਅਤੇ ਆਪਣੀ ਨਿਗਰਾਨੀ ਹੇਠ ਇਸ ਦੀ ਉਸਾਰੀ ਕੀਤੀ । "ਅੰਮ੍ਰਿਤਸਰ" ਗੁਰੂ ਰਾਮਦਾਸ ਜੀ ਦੀ ਅਮਰ ਯਾਦਗਾਰ ਹੈ। ਅੰਮ੍ਰਿਤਸਰ ਦੇ ਅਰਥ ਹਨ : 'ਅੰਮ੍ਰਿਤ-ਸਰੋਵਰ'--ਉਹ ਪਵਿੱਤਰ ਸਰੋਵਰ ਜਿਸ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਸੁਸ਼ੋਭਿਤ ਹੈ ।

ਧਰਮ ਦੇ ਪ੍ਰਚਾਰ ਲਈ, ਸਾਂਝੇ ਪਿਆਰ ਲਈ, ਵਣਜ ਵਪਾਰ ਲਈ ਅਤੇ ਸਮਾਜ ਸੁਧਾਰ ਲਈ ਗੁਰੂ ਸਾਹਿਬਾਂ ਨੇ ਕਈ ਅਸਥਾਨ ਵਸਾਏ । ਗੁਰੂ ਨਾਨਕ ਦੇਵ ਜੀ ਨੇ ਰਾਵੀ ਦੇ ਕੰਢੇ ਕਰਤਾਰਪੁਰ ਵਸਾਇਆ । ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਭਾਗ ਲਾਏ । ਗੁਰੂ ਅਮਰਦਾਸ ਜੀ ਨੇ ਬਾਉਲੀ ਲਵਾ ਕੇ ਗੋਇੰਦਵਾਲ ਸਾਹਿਬ ਨੂੰ ਆਬਾਦ ਕੀਤਾ । ਗੁਰੂ ਰਾਮਦਾਸ ਜੀ ਨੇ ਜੰਗਲ ਵਿੱਚ ਮੰਗਲ ਲਾ ਕੇ ਅੰਮ੍ਰਿਤਸਰ ਦੀ ਨੀਂਹ ਰੱਖੀ ਜਿਸ ਨੂੰ ਪੰਜਵੇਂ ਸਤਿਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁਕੰਮਲ ਕੀਤਾ । ਅੰਮ੍ਰਿਤ-ਸਰੋਵਰ ਦੇ ਵਿਚਕਾਰ ਸੁੰਦਰ ਹਰਿਮੰਦਰ ਸਾਹਿਬ ਬਣਵਾਇਆ, ਜਿਸ ਅੰਦਰ ਪਵਿੱਤਰ ਸ਼ਬਦ-ਗੁਰੂ-ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਅਤੇ ਦਿਨ ਰਾਤ ਕੀਰਤਨ ਤੇ ਨਾਮ-ਬਾਣੀ ਦਾ ਪਰਵਾਹ ਚਲਾਇਆ, ਜੋ ਨਿਰੰਤਰ ਜਾਰੀ ਰਹੇਗਾ ।

ਤੀਜੇ ਗੁਰੂ ਜੀ ਨੇ ਭਾਈ ਜੇਠਾ ਜੀ ਨੂੰ ਜੋ ਕਿ ਮਗਰੋਂ ਗੁਰੂ ਰਾਮਦਾਸ ਜੀ ਅਖਵਾਏ, ਇਸ ਥਾਂ 'ਤੇ ਸਰੋਵਰ ਖੁਦਵਾਉਣ, ਧਰਮ ਕੇਂਦਰ ਬਣਾਉਣ ਅਤੇ ਨਗਰ ਵਸਾਉਣ ਲਈ ਭੇਜਿਆ ।

## ਸ੍ਰੀ ਗੁਰੂ ਰਾਮਦਾਸ ਜੀ ਦੀ ਸੇਵਾ

ਜਿਸ ਤਰ੍ਹਾਂ ਦੂਸਰੇ ਗੁਰੂ ਜੀ ਦੀ ਮੌਜੂਦਗੀ ਵਿੱਚ ਸ੍ਰੀ (ਗੁਰੂ) ਅਮਰਦਾਸ ਜੀ ਨੇ ਗੋਇੰਦਵਾਲ ਵਸਾ ਕੇ ਲੋਕ-ਸੇਵਾ ਦਾ ਕੰਮ ਸ਼ੁਰੂ ਕਰ ਦਿੱਤਾ ਸੀ, (ਗੁਰੂ) ਰਾਮਦਾਸ ਜੀ ਨੇ ਅੰਮ੍ਰਿਤ-ਸਰੋਵਰ ਦੀ ਖੁਦਵਾਈ ਅਤੇ ਨਗਰ ਵਸਾਉਣ ਦੀ ਸੇਵਾ ਤੀਜੇ ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਆਰੰਭ ਦਿੱਤੀ । ਬਾਉਲੀ ਸਾਹਿਬ, ਗੋਇੰਦਵਾਲ ਦੀ ਸੇਵਾ ਲਗਾਤਾਰ ਛੇ ਕੁ ਸਾਲ ਹੁੰਦੀ ਰਹੀ। ਇਸ ਸੇਵਾ ਵਿੱਚ ਸ੍ਰੀ (ਗੁਰੂ) ਰਾਮਦਾਸ ਜੀ ਨੇ ਤਨੋਂ-ਮਨੋਂ ਹਿੱਸਾ ਪਾਇਆ ਤੇ ਤਜਰਬਾ ਹਾਸਲ ਕੀਤਾ ।

ਆਪ ਨੇ ਸੰਗਤ ਨਾਲ ਰਲ ਕੇ ਸੇਵਾ ਕੀਤੀ । ਆਪ ਟੋਕਰੀ ਢੋਈ । ਰਿਸ਼ਤੇਦਾਰਾਂ ਤੇ ਸੰਬੰਧੀਆਂ ਦੇ ਮਿਹਣਿਆਂ-ਤਾਹਨਿਆਂ ਦੀ ਪਰਵਾਹ ਨਾ ਕੀਤੀ ਸਗੋਂ ਅਡੋਲ ਰਹਿ ਕੇ, ਸ਼ਰਧਾ, ਸਿਦਕ ਤੇ ਗੁਰੂ-ਪਿਆਰ ਦਾ ਉਹ ਸਬੂਤ ਦਿੱਤਾ, ਜਿਸ ਦੀ ਮਿਸਾਲ ਲੱਭਣੀ ਬਹੁਤ ਮੁਸ਼ਕਿਲ ਹੈ । ਇਸ ਅਡੋਲ ਨਿਸ਼ਚੇ, ਅਥਾਹ ਗੁਰੂ-ਸ਼ਰਧਾ, ਬੇਮਿਸਾਲ ਸੇਵਾ ਅਤੇ ਇਕ-ਰਸ ਨਾਮ-ਸਿਮਰਨ ਸਦਕਾ ਆਪ ਨੂੰ ਗੁਰ-ਗੱਦੀ ਦੇਣ ਤੋਂ ਪਹਿਲਾਂ ਹੀ ਤੀਜੇ ਸਤਿਗੁਰੂ ਜੀ ਨੇ ਚੁਣ ਕੇ ਅੰਮ੍ਰਿਤਸਰ ਨਗਰ ਵਸਾਉਣ ਦੀ ਜ਼ਿੰਮੇਵਾਰੀ ਆਪ ਜੀ ਨੂੰ ਸੌਂਪੀ । ਫਿਰ ਆਪ ਦੀ ਕਈ ਸਾਲਾਂ ਦੀ ਲਗਾਤਾਰ ਇਕ-ਰਸ ਕੀਤੀ ਭਗਤੀ ਅਤੇ ਨਿਸ਼ਕਾਮ ਸੇਵਾ



www.AKJ.Org

ਨੂੰ ਮੁੱਖ ਰੱਖ ਕੇ ਹੀ ਗੁਰੂ ਅਮਰਦਾਸ ਜੀ ਨੇ ਗੁਰ-ਗੱਦੀ ਲਈ ਵੀ ਆਪ ਨੂੰ ਹੀ ਚੁਣਿਆ ।

## ਗੁਰੂ ਕਾ ਚੱਕ ਵਸਾਉਣਾ

ਗੁਰੂ ਅਮਰਦਾਸ ਜੀ ਨੇ ਲਗਭਗ ਸਾਰਾ ਸਮਾਂ ਮਾਝੇ ਦੇ ਪਿੰਡਾਂ ਵਿੱਚ ਹੀ ਵਿਚਰ ਕੇ ਬਤੀਤ ਕੀਤਾ । ਆਪ ਇਸ ਇਲਾਕੇ ਦੇ ਚੰਗੀ ਤਰ੍ਹਾਂ ਜਾਣੂੰ ਸਨ । ਸਿੱਖ ਸੇਵਕਾ ਦੀ ਗਿਣਤੀ ਦਿਨੋਂ-ਦਿਨ ਵੱਧ ਰਹੀ ਸੀ । ਗੁਮਟਾਲਾ, ਤੁੰਗ, ਗਿਲਵਾਲੀ ਤੇ ਸੁਲਤਾਨਵਿੰਡ ਆਦਿ ਦੇ ਪਤਵੰਤਿਆਂ ਤੇ ਚੌਧਰੀਆਂ ਨੂੰ ਬੁਲਵਾ ਕੇ ਉਨ੍ਹਾਂ ਨੂੰ ਸਤਿਗੁਰਾਂ ਨੇ ਦੱਸਿਆ ਕਿ ਉਹ ਚਾਹੁੰਦੇ ਹਨ ਕਿ ਇਥੇ ਨਗਰ ਵਸਾਇਆ ਜਾਵੇ । ਇਹ ਜ਼ਿਕਰ ਸੰਨ ੧੫੭੦ ਈ: ਦਾ ਹੈ । ਇਥੇ ਪਰਗਣਾ ਲੈ ਲਿਆ ਗਿਆ ।

ਜਦ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੀ ਸੇਵਾ ਮੁਕੰਮਲ ਹੋ ਗਈ ਤਾਂ ਇਸ ਦੇ ਥੋੜ੍ਹੇ ਚਿਰ ਮਗਰੋਂ ਹੀ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਆਗਿਆ ਕੀਤੀ ਕਿ ਨਵਾਂ ਨਗਰ ਵਸਾਉ, ਜਿਨ੍ਹਾਂ ਨੇ ਏਥੇ ਆ ਕੇ ਅੰਮ੍ਰਿਤਸਰ ਨਗਰ ਦੀ ਨੀਂਹ ਰੱਖੀ । ਇਥੇ ਪਹਿਲਾਂ ਉਸ ਸਰੋਵਰ ਦਾ ਟੱਕ ਲਗਾਇਆ ਜਿਸ ਦਾ ਨਾਮ ਸੰਤੋਖਸਰ ਹੈ । ਗੁਰੂ ਜੀ ਜਿਸ ਟਾਹਲੀ ਹੇਠ ਬੈਠ ਕੇ ਸੇਵਾ ਕਰਵਾਂਦੇ ਸਨ, ਉਹ ਹੁਣ ਤੱਕ ਮੌਜੂਦ ਹੈ । ਥੋੜ੍ਹੇ ਸਮੇਂ ਬਾਅਦ ਅੰਮ੍ਰਿਤ-ਸਰੋਵਰ (ਅੰਮ੍ਰਿਤਸਰ) ਦਾ ਟੱਕ ਲਾਇਆ ਗਿਆ ।

ਜਿਥੇ ਸ੍ਰੀ ਗੁਰੂ ਰਾਮਦਾਸ ਜੀ ਪਰਿਵਾਰ ਸਮੇਤ ਆ ਕੇ ਟਿਕੇ ਸਨ ਤੇ ਰਿਹਾਇਸ਼ੀ ਮਕਾਨ ਬਣਵਾਇਆ ਸੀ ਉਥੋਂ 'ਗੁਰੂ ਕੇ ਮਹਿਲ' ਨਾਂ ਦਾ ਗੁਰਦੁਆਰਾ ਕਾਇਮ ਹੈ ਜੋ ਕਿ ਹੁਣ ਸਤਿਗੁਰੂ ਜੀ ਦੀ ਕਿਰਪਾ ਨਾਲ ਬੜਾ ਹੀ ਸੁੰਦਰ ਬਣ ਗਿਆ ਹੈ । ਇਨ੍ਹਾਂ ਗੁਰੂ ਕੇ ਮਹਲਾਂ ਵਿਚ ਮਗਰੋਂ ਪੰਜਵੇਂ ਤੇ ਛੇਵੇਂ ਸਤਿਗੁਰੂ ਜੀ ਵੀ ਰਹੇ ।

ਪਹਿਲਾ ਜੋ ਪਿੰਡ ਵੱਸਿਆ ਉਸ ਦਾ ਨਾਮ 'ਚੱਕ ਗੁਰੂ' ਜਾਂ 'ਚੱਕ ਰਾਮਦਾਸ' ਹੋਇਆ ਅਤੇ ਫਿਰ ਰਾਮਦਾਸ ਕਰਕੇ ਹੀ ਪ੍ਰਸਿੱਧ ਹੋਇਆ । ਗੁਰੂ ਸਾਹਿਬਾਂ ਦੇ ਇਥੇ ਵੱਸਣ ਕਾਰਨ ਇਥੋਂ ਦੀ ਵੱਸੋਂ ਦਿਨਾਂ ਵਿੱਚ ਹੀ ਵੱਧਦੀ ਗਈ । ਇਹ ਪਿੰਡ ਇਕ ਨਗਰੀ ਦੇ ਰੂਪ ਵਿੱਚ ਦਿੱਸਣ ਲੱਗਾ ਅਤੇ ਇਹ ਗੁਰੂ ਕੀ ਨਗਰੀ ਅਖਵਾਉਣ ਲੱਗ ਪਿਆ ।

ਸੰਨ ੧੫੭੭ ਵਿੱਚ ਗੁਰੂ ਰਾਮਦਾਸ ਜੀ ਨੇ ਪਿੰਡ ਤੁੰਗ ਵਾਲਿਆ ਤੋਂ ਸੱਤ ਸੌ ਰੁਪਏ ਦੇ ਕੇ ਪੰਜ ਸੌ ਵਿਘੇ ਜ਼ਮੀਨ ਹੋਰ ਖਰੀਦ ਲਈ ਤੇ ਪਟਾ ਕਰਾ ਲਿਆ । ਇਹ ਜ਼ਮੀਨ ਪਿੰਡ ਤੁੰਗ ਦੀ ਸੀ । ਜਦੋਂ ਇਸ ਪਿੰਡ ਦੇ ਇਰਦ-ਗਿਰਦ ਦੇ ਇਲਾਕੇ ਦੇ ਲੋਕਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਨੇ ਇਥੇ ਗੁਰ-ਸਿੱਖੀ ਦਾ ਕੇਂਦਰੀ ਅਸਥਾਨ ਬਨਾਣਾ ਹੈ, ਤਾਂ ਵੱਖ ਵੱਖ ਕਿੱਤਿਆਂ ਦੇ ਅਨੇਕਾਂ ਲੋਕਾਂ ਨੇ ਇਥੇ ਘਰ ਪਾਉਣੇ ਸ਼ੁਰੂ ਕਰ ਦਿੱਤੇ । ਭਾਈ ਸਾਲ੍ਹੋ ਅਤੇ ਗੁਰੂ-ਘਰ ਦੇ ਕੁਝ ਹੋਰ ਅਨਿੰਨ ਸੇਵਕਾਂ ਨੇ ਆਪਣੇ ਰਿਸ਼ਤੇਦਾਰ ਤੇ ਸੱਜਣਾਂ-ਮਿੱਤਰਾਂ ਨੂੰ ਪ੍ਰੇਰ ਕੇ ਇਥੇ ਲਿਆ ਵਸਾਇਆ । ਹੱਟੀਆਂ ਪੈਣੀਆਂ ਸ਼ੁਰੂ ਹੋ ਗਈਆਂ । ਸਿੱਖ ਇਤਿਹਾਸਕਾਰਾਂ ਅਨੁਸਾਰ ਲਗਭਗ ਬਵੰਜਾ ਕਿੱਤਿਆਂ ਦੇ ਲੋਕੀਂ ਇਥੇ ਆ ਕੇ ਵੱਸ ਗਏ । 'ਗੁਰੂ ਬਾਜ਼ਾਰ' ਵਿੱਚ ਤਾਂ ਚੰਗੀ ਰੌਣਕ ਹੋ ਗਈ ਜੋ ਕਿ 'ਗੁਰੂ ਕੇ ਮਹਲ' ਦੇ ਬਿਲਕੁਲ ਨੇੜੇ ਸੀ ।

'ਰਾਮਦਾਸਪੁਰ' ਬਾਅਦ ਵਿੱਚ ਅੰਮ੍ਰਿਤ (ਸਰ) ਸਰੋਵਰ ਦੇ ਨਾਂ 'ਤੇ ਅੰਮ੍ਰਿਤਸਰ ਨਗਰ ਕਰਕੇ ਪ੍ਰਸਿੱਧ ਹੋ ਗਿਆ, ਜੋ ਕਿ ਹੁਣ ਤੱਕ ਇਸ ਨਾਮ ਨਾਲ ਹੀ ਕਾਇਮ ਜਗਤ-ਪ੍ਰਸਿੱਧ ਹੈ ਤੇ ਪ੍ਰਚਲਿਤ ਹੈ ਅਤੇ ਇਸ ਨਾਂ 'ਤੇ ਜ਼ਿਲ੍ਹੇ ਦਾ ਵੀ ਨਾਂ ਹੈ ।

## ਅੰਮ੍ਰਿਤ-ਸਰੋਵਰ ਦੀ ਖੁਦਵਾਈ

ਭਾਈ ਜੇਠਾ ਜੀ (ਜੋ ਕਿ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਅਖਵਾਏ) ਨੇ ੧੫੭੩ ਈ: ਵਿੱਚ ਉਸ ਸਰੋਵਰ ਦਾ ਟੱਕ



www.AKJ.Org

ਲਾਇਆ, ਜੋ ਕਿ ਅੰਮ੍ਰਿਤਸਰ ਦੇ ਨਾਮ ਨਾਲ ਪ੍ਰਸਿੱਧ ਹੋਇਆ । ਅਗਲੇ ਸਾਲ ੧੫੭੪ ਈ: ਵਿੱਚ ਤੀਜੇ ਸਤਿਗੁਰੂ ਜੋਤੀ-ਜੋਤ ਸਮਾ ਗਏ । ਇਸ ਲਈ ਗੁਰੂ ਰਾਮਦਾਸ ਜੀ ਨੂੰ ਸਰੋਵਰ ਦੀ ਸੇਵਾ ਦਾ ਕੰਮ ਕੁਝ ਸਮੇਂ ਲਈ ਬੰਦ ਕਰਨਾ ਪਿਆ ।

ਦੋ ਕੁ ਸਾਲ ਮਗਰੋਂ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਦਾ ਕੰਮ ਮੁੜ ਆਰੰਭਿਆ । ਗੁਰੂ ਅਮਰਦਾਸ ਜੀ ਦੇ ਸਮੇਂ ਆਪ ਏਥੇ ਭਾਈ ਜੇਠਾ ਦੇ ਰੂਪ ਵਿੱਚ, ਇਕ ਅਨਿੰਨ ਸੇਵਕ ਤੇ ਪਰਵਾਨ ਹੋਏ ਸਿੱਖ ਦੇ ਰੂਪ ਵਿੱਚ ਆਏ, ਪਰ ਹੁਣ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠ ਕੇ ਚੌਥੇ ਪਾਤਸ਼ਾਹ ਦੇ ਰੂਪ ਵਿੱਚ ਆਏ । ਪਹਿਲਾਂ ਜਦ ਕਿ ਇਥੇ ਕੰਮ ਆਰੰਭਿਆ ਗਿਆ ਤਾਂ ਆਪ ਦੇ ਨਾਲ ਬਾਬਾ ਬੁੱਢਾ ਜੀ, ਭਾਈ ਸਾਲ੍ਹੋ ਅਤੇ ਕੁਝ ਹੋਰ ਸਿਦਕੀ ਸਿੱਖ ਸੇਵਕ ਸਨ, ਪਰ ਹੁਣ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੇਵਕ ਇਥੇ ਆਉਣ ਲੱਗ ਪਏ ਅਤੇ ਸੇਵਾ ਵਿੱਚ ਤਨ, ਮਨ ਤੇ ਧਨ ਦੁਆਰਾ ਹਿੱਸਾ ਪਾਉਣ ਲੱਗ ਪਏ ।

ਗੁਰੂ ਰਾਮਦਾਸ ਜੀ ਨੇ ਆਪਣੇ ਸਮੇਂ ਵਿੱਚ ਸਰੋਵਰ ਦੀ ਖੁਦਵਾਈ ਸੰਪੂਰਨ ਕਰ ਦਿੱਤੀ ਸੀ । ਇਸ ਗੱਲ ਦੀ ਗਵਾਹੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਮਿਲਦੀ ਹੈ :

"ਪੂਰਨ ਤਾਲੁ ਖਟਾਇਆ, ਅੰਮ੍ਰਿਤ ਸਰ ਵਿਚਿ ਜੋਤਿ ਜਗਾਵੈ ।" (ਵਾਰ ੧: ੪੭)

ਇਕ ਪਾਸੇ ਤਾਂ 'ਚੱਕ ਗੁਰੂ' ਆਬਾਦ ਹੋ ਰਿਹਾ ਸੀ ਤੇ ਦੂਜੇ ਪਾਸੇ ਸਰੋਵਰ ਪੁੱਟਿਆ ਜਾ ਰਿਹਾ ਸੀ । ਲਾਹੌਰ ਦੇ ਕੁਝ ਕੁ ਸੋਢੀ ਖੱਤਰੀ ਵੀ, ਜਿਨ੍ਹਾਂ ਨੂੰ ਉਸ ਵੇਲੇ ਸੂਬੇ ਨੇ ਉਜਾੜ ਦਿੱਤਾ ਸੀ, ਇਥੇ ਆ ਕੇ ਵੱਸ ਗਏ ।

ਜਦ ਇਥੇ ਨਗਰੀ ਵੱਸਣ ਲੱਗੀ ਤਾਂ ਪਹਿਲਾਂ ਦਰਖਤਾਂ ਦੇ ਝੁੰਡਾਂ ਵਿੱਚ ਕੁਝ ਕੁ ਕੋਠੇ ਛੱਤੇ ਗਏ, ਫਿਰ ਕੁਝ ਪੱਕੇ ਮਕਾਨ ਬਣੇ ਤੇ ਦੁਕਾਨਾ ਪਾਈਆਂ ਗਈਆਂ । ਕੁਦਰਤ ਦੀ ਗੋਦੀ ਵਿੱਚ ਇਥੇ ਸਿਧੇ-ਸਾਦੇ, ਸ਼ਰਧਾਲੂ, ਮਿਹਨਤੀ ਤੇ ਕਿਰਤੀ ਸਿੱਖ ਆ ਕੇ ਵੱਸਣ ਲੱਗ ਪਏ ਜੋ ਕਿ ਵੱਖ-ਵੱਖ ਕਿੱਤੇ ਕਰਦੇ ਸਨ । ਉਹ ਸਤਿਗੁਰਾਂ ਦੇ ਪਵਿੱਤਰ ਚਰਨਾਂ ਵਿੱਚ ਰਹਿ ਕੇ ਸੇਵਾ ਤੇ ਸਿਮਰਨ ਵਿੱਚ ਸਮਾਂ ਬਤੀਤ ਕਰਨ ਲੱਗੇ ।

ਓਦੋਂ ਸ਼ਾਇਦ ਗੁਰੂ ਕੇ ਸਿੱਖਾਂ ਨੂੰ ਚਿੱਤ-ਚੇਤੇ ਵੀ ਨਹੀਂ ਹੋਣਾ ਕਿ ਇਹ 'ਚੱਕ ਗੁਰੂ' ਕਦੇ ਇਕ ਵੱਡਾ ਸ਼ਹਿਰ ਬਣ ਜਾਏਗਾ --ਸਿੱਖੀ ਕੇਂਦਰ ਹੀ ਨਹੀਂ ਸਗੋਂ ਵਪਾਰ ਦੀ ਬੜੀ ਭਾਰੀ ਮੰਡੀ ਵੀ । ਅੱਜ ਕਲ੍ਹ ਭਾਰਤੀ ਪੰਜਾਬ ਦਾ ਇਹ ਬਹੁਤ ਵੱਡਾ ਸ਼ਹਿਰ ਹੈ । ਸਿੱਖ ਰਾਜ ਦੇ ਸਮੇਂ ਅੰਮ੍ਰਿਤਸਰ ਦੀ ਵਸੋਂ ਲਾਹੌਰ ਤੋਂ ਭੀ ਜ਼ਿਆਦਾ ਸੀ । ਮਹਾਰਾਜਾ ਰਣਜੀਤ ਸਿੰਘ ਨੇ ਇਥੋਂ ਦੀ ਤਜਾਰਤ ਵੱਲ ਖਾਸ ਧਿਆਨ ਦਿੱਤਾ । ਉਸ ਸਮੇਂ ਇਸ ਸ਼ਹਿਰ ਦਾ ਵਪਾਰ ਰੂਸ ਨਾਲ ਸਿੱਧੇ ਤੌਰ 'ਤੇ ਕਾਇਮ ਹੋ ਚੁੱਕਾ ਸੀ ।

ਇਹ ਪਵਿੱਤਰ ਥਾਂ ਜਿਥੇ ਅੰਮ੍ਰਿਤ-ਸਰੋਵਰ ਬਣਿਆ, ਗੁਰੂ ਕੇ ਮਹਿਲ ਆਬਾਦ ਹੋਏ, ਗੁਰੂ ਕਾ ਬਾਜ਼ਾਰ ਬਣਿਆ -- ਇਕ ਮਹਾਨ ਆਤਮਕ, ਸਮਾਜਿਕ ਤੇ ਵਿਵਹਾਰਕ ਅਸਥਾਨ ਬਣ ਗਿਆ ।

ਅੰਮ੍ਰਿਤਸਰ ਸਿੱਖਾਂ ਦੀ ਜਿੰਦ-ਜਾਨ ਹੈ । ਅੱਧਿਓਂ ਵੱਧ ਸਿੱਖ ਇਤਿਹਾਸ ਅੰਮ੍ਰਿਤਸਰ ਦੇ ਦੁਆਲੇ ਘੁੰਮਦਾ ਹੈ । ਇਸ ਗੁਰੂ ਕੀ ਨਗਰੀ ਨੇ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਕਈ ਉਤਰਾਅ ਚੜ੍ਹਾਅ ਦੇਖੇ ਹਨ । ਸਿੱਖਾਂ ਦੀ ਨਿੱਤ ਦੀ ਅਰਦਾਸ ਦਾ ਅਨਿੱਖੜਵਾਂ ਅੰਗ ਹੈ, ਇਹ ਮੰਗ !

"ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ।"

◇◆◇



www.AKJ.Org

## ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ !

**ਸ਼ਹੀਦ ਗੰਜ ਖ਼ਾਲਸਾ ਮੈਮੋਰੀਅਲ ਸਕੂਲ**

**ਹੈੱਡ ਕੁਆਰਟਰ, ਅਖੰਡ ਕੀਰਤਨੀ ਜੱਥਾ, ਰੇਲਵੇ ਕਾਲੋਨੀ, ਬੀ-ਬਲਾਕ, ਅੰਮ੍ਰਿਤਸਰ । ਫੋਨ : 546320**

| | |
|---|---|
| ਸਰਕੂਲੇਸ਼ਨ | 1. ਮੁੱਖ ਇੰਚਾਰਜ, ਭਾਈ ਅਜੀਤ ਸਿੰਘ, ਵਿਯੋਗੀ ਨਿਕੇਤਨ, ਗਲੀ ਨੰ: 7, ਫੀਲਡ ਗੰਜ, ਲੁਧਿਆਣਾ |
| ਦਫ: ਲੁਧਿਆਣਾ : | ਫੋਨ : 662655 |
| ਫਗਵਾੜਾ : | ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਫੋਨ 68307 |
| ਚੰਡੀਗੜ੍ਹ -ਮੁਹਾਲੀ : | ਭਾ: ਗੁਰਚਰਨ ਸਿੰਘ ਮਕਾ:ਨੰ: 236, ਵਾਰਡ ਨੰ: 1, ਚੰਡੀਗੜ੍ਹ ਰੋਡ, ਖਰੜ । ਖਰੜ ਮੁਰਿੰਡਾ ਫੋਨ ਨੰ: 01888-46036 |
| ਕਪੂਰਥਲਾ : | ਬੀਬੀ ਜਸਵਿੰਦਰ ਕੌਰ ਜੀ, ਮੁੱਖ ਸੇਵਾਦਾਰ ਕਪੂਰਥਲਾ, ਪਿੰਡ ਧਾਲੀਵਾਲ ਬੇਟ ਕਪੂਰਥਲਾ । |
| ਪਟਿਆਲਾ : | ਭਾ: ਸੁਲੱਖਣ ਸਿੰਘ ਖਾਲਸਾ, ਨਿਸ਼ਾਨ ਸਟੋਰ, ਦੁਕਾਨ ਨੰ: 14-15, ਗੁਰ: ਦੂਖ ਨਿਵਾਰਨ ਬਾਜ਼ਾਰ ਫੋਨ : 361415 |
| ਅੰਮ੍ਰਿਤਸਰ : | ਭਾਈ ਸਤਨਾਮ ਸਿੰਘ ਚਾਚੋਵਾਲੀ, ਪਿੰਡ ਚਾਚੋਵਾਲੀ ਡਾਕਖਾਨਾ ਜੈਂਤੀਪੁਰਾ, ਅੰਮ੍ਰਿਤਸਰ । |
| ਜਲੰਧਰ : | ਭਾਈ ਹਰਜੀਤ ਸਿੰਘ ਬੈਂਕ ਆਫ਼ ਇੰਡੀਆ, ਸਤਲੁਜ ਮਾਰਕੀਟ, ਨੇੜੇ ਬੱਸ ਸਟੈਂਡ, ਜਲੰਧਰ । ਫੋਨ ਨੰ: 462065 |
| ਯਮੁਨਾ ਨਗਰ : | ਭਾਈ ਇਕਬਾਲ ਸਿੰਘ ਜੀ 536, ਲੋਹਾਰਾ ਗਲੀ, ਜਗਾਧਰੀ । ਫੋਨ : 47341 |
| ਫਿਰੋਜ਼ਪੁਰ : | ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਾਜ਼ਾਰ ਨੰਬਰ ਇਕ, ਫਿਰੋਜ਼ਪੁਰ ਛਾਉਣੀ । |
| ਮੁਕਤਸਰ : | ਮਾਸਟਰ ਮਹਿੰਦਰ ਸਿੰਘ ਜੀ, ਮੁੱਖ ਸੇਵਾਦਾਰ, ਮੁੱਕਤਸਰ । |
| ਪਠਾਨਕੋਟ : | ਭਾਈ ਹਰਭਜਨ ਸਿੰਘ, ਚੀਫ ਇੰਜੀਨੀਅਰ, ਐਮ.ਈ.ਐਸ., ਪਠਾਨਕੋਟ । |
| ਅੰਬਾਲਾ : | 1.ਭਾਈ ਭਗਵਾਨ ਸਿੰਘ ਵੈਦ, ੧੦, ਵੀਨਾ ਐਨਕਲੇਵ, ਨੇੜੇ ਮਿਲਕ ਪਲਾਂਟ, ਬਲਦੇਵ ਨਗਰ, ਅੰਬਾਲਾ ਸ਼ਹਿਰ । |
| | 2. ਭਾਈ ਮਲਕੀਅਤ ਸਿੰਘ ਮਾਰਫ਼ਤ ਸਰਦਾਰ ਕਲਾਥ ਹਾਊਸ, ਪਿੰਡ ਨੰਨਹੇੜਾ, ਡਾਕ: ਕੁਲਦੀਪ ਨਗਰ, ਅੰਬਾਲਾ । |
| ਬਠਿੰਡਾ : | ਭਾਈ ਬਘੇਲ ਸਿੰਘ (ਗੋਬਿੰਦ ਸਿੰਘ) 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743 |
| ਸਰਹੰਦ : | ਭਾਈ ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ । ਫੋਨ ਨੰ: 01763-20760 |
| ਧੂਰੀ : | ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ । ਫੋਨ ਨੰ: 621253 |
| ਪਾਉਂਟਾ ਸਾਹਿਬ: | ਭਾਈ ਪਰਮਜੀਤ ਸਿੰਘ, ਗੁਰੂ ਰਾਖਾ ਇੰਟਰਪ੍ਰਾਈਜਿਜ਼, ਪਾਉਂਟਾ ਸਾਹਿਬ (ਹਿਮਾ : ਪ੍ਰ:) |
| | ਫੋਨ ਨੰ: 01704-22367 (Residence) 01704-24067 |
| ਬਟਾਲਾ : | ਭਾਈ ਹਰਭਜਨ ਸਿੰਘ, ਖ਼ਾਲਸਾ ਲਾਇਬ੍ਰੇਰੀ ਬਟਾਲਾ । |
| ਦਿੱਲੀ : | 1. ਭਾਈ ਗੁਰਪ੍ਰੀਤ ਸਿੰਘ, 670, ਡਾਕਟਰ ਮੁਖਰਜੀ ਨਗਰ, ਦਿੱਲੀ । ਟੈਲੀਫੋਨ ਨੰ: 7654833 |
| | 2. ਭਾਈ ਨਰਿੰਦਰਜੀਤ ਸਿੰਘ (ਗਾਮਾ), ਮਕਾਨ ਨੰ: 58-C, 2nd Floor, Stn. II, ਨਿਊ ਮਹਾਂਵੀਰ ਨਗਰ, ਡਾ: ਤਿਲਕ ਨਗਰ, ਨਵੀਂ ਦਿੱਲੀ । Phone : (R) 51555191, (O) 590057, 5449276 |
| ਇੰਗਲੈਂਡ : | ਭਾਈ ਹਰਦੀਪ ਸਿੰਘ ਜੀ 218, WEXHAN ROAD SLOUGH BERKS SL25JP TEL. 01753-530624 |
| ਅਮਰੀਕਾ : | ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫੋਨ : 1800 722612 |
| ਆਸਟਰੇਲੀਆ : | ਭਾਈ ਪ੍ਰਸ਼ੋਤਮ ਸਿੰਘ ਜੀ ਫੋਨ : 0061-69634841 |
| ਨਿਊਜ਼ੀਲੈਂਡ : | ਬੀਬੀ ਜਗਦੀਸ਼ ਕੌਰ ਜੀ 81 B, VICTORIA ROAD, PAPA TOE TOE AUCKLAND, NEWZAELAND |
| | ਭਾਈ ਰਿਪੁਦਮਨ ਸਿੰਘ ਮਲਿਕ ਫੋਨ : 180066 30224 |
| ਕੈਨੇਡਾ : | ਭਾਈ ਅੰਮ੍ਰਿਤਪਾਲ ਸਿੰਘ, 20, NEW MAN COURT BRAMPTON ONTARIO L6S5TI |



www.AKJ.Org



## ਬਾਬਾ ਬੁੱਢਾ ਸਾਹਿਬ

ਸਮਾਧ ਬਾਬਾ ਬੁੱਢਾ ਜੀ, ਰਮਦਾਸ, ਅੰਮ੍ਰਿਤਸਰ

www.AKJ.Org


R.N.I. No. 12245/66 SURA- October 2001 P.O. Regd. No. PB/0169/2001

ਮਾਸਿਕ ਪੱਤਰ

# ਸੂਰਾ

Sura Monthly

October 2001



ਗੁਰਦੁਆਰਾ ਚੂਨੀ ਮੰਡੀ ਸਾਹਿਬ,
ਲਾਹੌਰ (ਪਾਕਿਸਤਾਨ)
ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ

www.AKJ.Org